
(ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ) ਜਨਵਰੀ-ਮਾਰਚ 2020

# ਪਰਵਾਸ




ਪਰਵਾਸੀ ਸਾਹਿਤ ਅਧਿਅਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ

# ਸ੍ਰ. ਗੁਰਸ਼ਰਨ ਸਿੰਘ ਨਰੂਲਾ ਦੀ ਯਾਦ ਵਿੱਚ




ਪਰਵਾਸੀ ਪੰਜਾਬੀ ਸਾਹਿਤ ਕੇਂਦਰ ਤੇ ਪਰਵਾਸ ਪੱਤ੍ਰਿਕਾ ਦੇ ਸਰਪਰਸਤ ਸ੍ਰ. ਗੁਰਸ਼ਰਨ ਸਿੰਘ ਨਰੂਲਾ ਜੋ ਗੁੱਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਵੀ ਸਨ 24 ਨਵੰਬਰ ਨੂੰ ਅਕਾਲ ਚਲਾਨਾ ਕਰ ਗਏ। ਇਹ ਘਾਟਾ ਨਾ ਕੇਵਲ ਉਨ੍ਹਾਂ ਦੇ ਪਰਿਵਾਰ ਲਈ ਬਲਕਿ ਕੌਂਸਲ ਅਤੇ ਸਮੂਹ ਵਿਦਿਅਕ ਅਦਾਰਿਆਂ ਲਈ ਵੀ ਇੱਕ ਵੱਡਾ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਪਰਵਾਸੀ ਪੰਜਾਬੀ ਕੇਂਦਰ ਅਤੇ ਪਰਵਾਸ ਪੱਤ੍ਰਿਕਾ ਲਈ ਉਨ੍ਹਾਂ ਦੀ ਅਗਵਾਈ ਵੱਡਮੁਲੀ ਸੀ ਅਤੇ ਉਨ੍ਹਾਂ ਦੇ ਸਮੇਂ ਕੇਂਦਰ ਦੀਆਂ ਸਰਗਰਮੀਆਂ ਵਿੱਚ ਨਿਰੰਤਰ ਵਾਧਾ ਹੋਇਆ ਅਤੇ ਇਸ ਦੀ ਅੰਤਰਰਾਸ਼ਟਰੀ ਪਛਾਣ ਸਥਾਪਿਤ ਹੋਈ।

ਇਸ ਪ੍ਰਕਾਰ ਉਨ੍ਹਾਂ ਦਾ ਜਿੱਥੇ ਸਿੱਖਿਆ ਦੇ ਖੇਤਰ ਵਿੱਚ ਵੱਡਾ ਯੋਗਦਾਨ ਹੈ, ਉੱਥੇ ਪਰਵਾਸੀ ਪੰਜਾਬੀ ਸਾਹਿਤ ਲਈ ਵੀ ਉਨ੍ਹਾਂ ਦਾ ਯੋਗਦਾਨ ਅਨਮੋਲ ਹੈ।

**ਪਰਵਾਸੀ ਸਾਹਿਤ ਅਧਿਅਨ ਕੇਂਦਰ, ਸੰਪਾਦਕੀ ਮੰਡਲ ਪਰਵਾਸ, ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਵੱਲੋਂ ਸ੍ਰ. ਗੁਰਸ਼ਰਨ ਸਿੰਘ ਨਰੂਲਾ ਜੀ ਨੂੰ ਸ਼ਰਧਾਂਜਲੀ**

# ਪਰਵਾਸ

**(ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ)**


**ਮੁੱਖ ਸੰਪਾਦਕ**
ਡਾ. ਸ. ਪ. ਸਿੰਘ

**ਮੁੱਖ ਪ੍ਰਬੰਧਕ**
ਪ੍ਰਿੰ. ਡਾ. ਅਰਵਿੰਦਰ ਸਿੰਘ

**ਸੰਪਾਦਕ ਪ੍ਰਬੰਧਕੀ**
ਡਾ. ਤੇਜਿੰਦਰ ਕੌਰ

**ਸੰਪਾਦਕ**
ਡਾ. ਭੁਪਿੰਦਰ ਸਿੰਘ
ਪ੍ਰੋ. ਸ਼ਰਨਜੀਤ ਕੌਰ

**ਸਲਾਹਕਾਰ**
ਡਾ. ਗੁਰਪ੍ਰੀਤ ਸਿੰਘ
ਡਾ. ਹਰਪ੍ਰੀਤ ਸਿੰਘ ਦੂਆ

**ਸਹਿਯੋਗੀ (ਭਾਰਤ)**
ਪ੍ਰੋ. ਗੁਰਭਜਨ ਸਿੰਘ ਗਿੱਲ
+919872631199
ਪ੍ਰੋ. ਮਨਜੀਤ ਸਿੰਘ ਛਾਬੜਾ
+91981510079
ਡਾ. ਅੰਮ੍ਰਿਤਪਾਲ ਕੌਰ
+918146565014
ਡਾ. ਲਖਵਿੰਦਰ ਸਿੰਘ ਜੌਹਲ
+919417194812
ਡਾ. ਹਰਚੰਦ ਸਿੰਘ ਬੇਦੀ
+91872867377
ਡਾ. ਮੁਨੀਸ਼ ਕੁਮਾਰ
+917837901025

**ਸਹਿਯੋਗੀ (ਵਿਦੇਸ਼)**
ਸੁੱਖੀ ਬਾਠ (ਪੰਜਾਬ ਭਵਨ ਕੈਨੇਡਾ)
+16045064426
ਪ੍ਰੋ. ਸਰਬਜੀਤ ਸਿੰਘ (ਕੈਨੇਡਾ)
+16047658417
ਸਰਬਜੀਤ ਸੋਹੀ (ਆਸਟਰੇਲੀਆ)
+61410584302
ਬਲਵਿੰਦਰ ਸਿੰਘ ਚਾਹਲ (ਯੂ. ਕੇ.)
+447491073808
ਕੁਲਵਿੰਦਰ ਸਿੰਘ (ਅਮਰੀਕਾ)
+19253130281
ਮੋਹਨ ਗਿੱਲ (ਕੈਨੇਡਾ)
+17789080914

ਟਾਇਪ ਸੈਟਿੰਗ: ਰਜਿੰਦਰ ਸਿੰਘ +919465642568



**ਪਰਵਾਸੀ ਸਾਹਿਤ ਅਧਿਅਨ ਕੇਂਦਰ**

**ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ**

**parvasggn@gmail.com, +9187290-80250,+9195010-27522**

# ਇਸ ਅੰਕ ਵਿਚ


**ਸੰਪਾਦਕੀ** **ਡਾ. ਸ. ਪ. ਸਿੰਘ**

**ਅੰਕ ਦੇ ਲੇਖਕ ਚਰਨ ਸਿੰਘ ਕੈਨੇਡਾ 6-23**

ਚਰਨ ਸਿੰਘ ਨਾਲ ਮੁਲਾਕਾਤ ਤੇ ਆਲੋਚਨਾਤਮਕ ਲੇਖ: ਡਾ. ਮੁਨੀਸ਼ ਕੁਮਾਰ
ਕਵਿਤਾਵਾਂ ਚਰਨ ਸਿੰਘ

**ਟਾਇਟਲ ਚਿੱਤਰਕਾਰ: ਸੋਹਨ ਕਾਦਰੀ 24-29**

ਰੰਗ, ਰੇਖਾਵਾਂ ਅਤੇ ਸ਼ਬਦਾਂ ਦੀ ਤ੍ਰਿਵੈਣੀ ਡਾ. ਲਖਵਿੰਦਰ ਸਿੰਘ ਜੌਹਲ
ਕਵਿਤਾਵਾਂ ਸੋਹਨ ਕਾਦਰੀ

**ਪੁਰਸਕਾਰ 30-35**

ਪਰਵਾਸੀ ਸਾਹਿਤ ਚਿੰਤਕ ਪੁਰਸਕਾਰ:ਡਾ. ਹਰਚੰਦ ਸਿੰਘ ਬੇਦੀ ਡਾ. ਤੇਜਿੰਦਰ ਕੌਰ
ਪਰਵਾਸੀ ਸਾਹਿਤਕਾਰ ਪੁਰਸਕਾਰ:ਸੁਖਵਿੰਦਰ ਕੰਬੋਜ਼ ਡਾ. ਜਸਵਿੰਦਰ ਸਿੰਘ

**ਕਵਿਤਾ/ਗਜ਼ਲਾਂ/ਨਜ਼ਮਾਂ 36-46**

ਹਰਦਮ ਮਾਨ ਜਿੰਦਰ ਡਾ. ਦਵਿੰਦਰ ਜੀਤਲਾ ਸੁਰਿੰਦਰ ਸੀਰਤ
ਜਸਵੰਤ ਵਾਗਲਾ ਸੁਰਜੀਤ ਸਖੀ ਅਜ਼ੀਮ ਸ਼ੇਖ਼ਰ

**ਕਹਾਣੀ 46-63**

ਆਸ਼ੀਰਵਾਦ ਜੱਸ ਮਾਨ ਕੈਨੇਡਾ
ਕ੍ਰਿਸ਼ਮਾ ਚਰਨਜੀਤ ਸਿੰਘ ਪੰਨੂ ਅਮਰੀਕਾ

**ਪੁਸਤਕ ਚਰਚਾ 64-71**

ਅਣਗਾਹੇ ਰਾਹ: ਗਿਆਨ ਸਿੰਘ ਸੰਧੂ ਡਾ. ਅੰਮ੍ਰਿਤਪਾਲ ਕੌਰ
ਇਕ ਸੀ ਚਿੜੀ ਜਿਸ ਦਾ ਨਾਂ ਸੀ ਚੂਈ: ਪ੍ਰਭਜੋਤ ਕੌਰ ਸਿੰਘ ਡਾ. ਸ. ਪ. ਸਿੰਘ

**ਸਰਗਰਮੀਆਂ 71-90**



**ਵਿੱਤੀ ਸਹਿਯੋਗ**

**ਸੁੱਖੀ ਬਾਠ, ਪੰਜਾਬ ਭਵਨ ਸਰੀ, ਕੈਨੇਡਾ**
**ਸਾਹਿਤ ਸੁਰ ਸੰਗਮ ਸਭਾ, ਇਟਲੀ**
**ਇੰਡੋਜ਼ ਪੰਜਾਬੀ ਸਾਹਿਤ ਅਕਾਡਮੀ ਆਫ਼ ਆਸਟਰੇਲੀਆ**
**ਨਕਸ਼ਦੀਪ ਪੰਜਕੋਹਾ, ਅਮਰੀਕਾ**

## ਸੰਪਾਦਕੀ

# ਤੀਜੀ ਅੰਤਰਰਾਸ਼ਟਰੀ ਕਾਨਫ਼ਰੰਸ



ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਨਵੇਂ ਰੂਪ ਵਿੱਚ ਪ੍ਰਕਾਸ਼ਿਤ ਹੋ ਰਹੀ ਪਤ੍ਰਿਕਾ 'ਪਰਵਾਸ' ਦਾ ਤੀਜਾ ਅੰਕ ਪਾਠਕਾਂ ਨੂੰ ਭੇਟ ਕਰਦੇ ਹੋਏ ਪ੍ਰਸੰਨਤਾ ਹੋ ਰਹੀ ਹੈ। ਇਸ ਸੀਮਤ ਸਮੇਂ ਵਿੱਚ ਪਰਵਾਸ ਦੀ ਪ੍ਰਕਾਸ਼ਨਾ ਪਰਵਾਸੀ ਸਾਹਿਤ ਅਧਿਅਨ ਕੇਂਦਰ ਦੀ ਸਥਾਪਤ ਹੋਈ ਸੁਤੰਤਰ ਪਹਿਚਾਣ, ਆਪਣੇ ਆਪ ਵਿੱਚ ਸੰਤੁਸ਼ਟਤਾ ਪ੍ਰਦਾਨ ਕਰਦੀ ਹੈ। ਇਸ ਸਮੇਂ ਵਿੱਚ ਹੀ ਪ੍ਰਵਾਸੀ ਕੇਂਦਰ ਵੱਲੋਂ ਤੀਜੀ ਅੰਤਰਰਾਸ਼ਟਰੀ ਕਾਨਫ਼ਰੰਸ 23-24 ਜਨਵਰੀ, 2020 ਨੂੰ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਵਿੱਚ ਆਯੋਜਿਤ ਕੀਤੀ ਜਾ ਰਹੀ ਹੈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਪਰਵਾਸੀ ਪੰਜਾਬੀ ਸਾਹਿਤਕਾਰਾਂ ਦੀ ਸ਼ਮੂਲੀਅਤ ਦੀ ਪੂਰੀ ਆਸ ਹੈ। ਇਸ ਦੇ ਨਾਲ ਹੀ ਪੰਜਾਬੀ ਅਧਿਆਪਕਾਂ, ਚਿੰਤਕਾਂ ਅਤੇ ਆਲੋਚਕਾਂ ਵੱਲੋਂ ਪਰਵਾਸੀ ਪੰਜਾਬੀ ਸਾਹਿਤ ਸਬੰਧੀ ਖੋਜ ਪੱਤਰ ਪ੍ਰਸਤੁਤ ਕੀਤੇ ਜਾਣਗੇ। ਕੇਂਦਰ ਵੱਲੋਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਪਰਵਾਸੀ ਸਾਹਿਤ ਨਾਲ ਸਬੰਧਤ ਪੁਸਤਕਾਂ ਵੀ ਲੋਕ ਅਰਪਣ ਕੀਤੀਆਂ ਜਾਣਗੀਆਂ। ਇਸ ਨਾਲ ਉਸ ਵਿੱਚ ਪਰਵਾਸੀ ਜੀਵਨ ਨਾਲ ਸਬੰਧਿਤ ਲਘੂ ਫਿਲਮਾਂ ਦਾ ਪ੍ਰਦਰਸ਼ਨ ਵੀ ਕੀਤਾ ਜਾਵੇਗਾ। ਇਸ ਤਰ੍ਹਾਂ ਇਹ ਕਾਨਫ਼ਰੰਸ ਆਪਣੇ ਆਪ ਵਿੱਚ ਵਿਸ਼ਵ ਭਰ ਵਿੱਚ ਵਿਲੱਖਣ ਸਥਾਨ ਬਣਾਉਣ ਦੇ ਸਮਰੱਥ ਹੋਵੇਗੀ। ਸੰਪਾਦਕੀ ਮੰਡਲ ਨੂੰ ਸੰਤੁਸ਼ਟਤਾ ਹੈ ਕਿ 'ਪਰਵਾਸ' ਪੱਤ੍ਰਿਕਾ ਨੂੰ ਪੰਜਾਬੀ ਪਾਠਕਾਂ ਵੱਲੋਂ ਭਰਵਾਂ ਹੁੰਗਾਰਾ ਪ੍ਰਾਪਤ ਹੋ ਰਿਹਾ ਹੈ ਤੇ ਪੱਤ੍ਰਿਕਾ ਦੀ ਪ੍ਰਕਾਸ਼ਨਾ ਲਈ ਪੰਜਾਬ ਭਵਨ ਸਰੀ ਦੇ ਸੰਸਥਾਪਕ ਸ੍ਰੀ ਸੁੱਖੀ ਬਾਠ, ਅਮਰੀਕਾ ਦੇ ਪ੍ਰਸਿੱਧ ਲੇਖਕ ਨਕਸ਼ਦੀਪ ਪੰਜਕੋਹਾ ਤੇ ਦਲਜਿੰਦਰ ਰਹਿਲ (ਯੂਰਪੀ ਸੰਘ) ਵੱਲੋਂ ਵਿੱਤੀ ਸਹਾਇਤਾ ਦਾ ਸਹਿਯੋਗ ਦੇਣ ਦੀ ਪੇਸ਼ਕਸ਼ ਕੀਤੀ ਹੈ, ਇਸ ਲਈ ਅਸੀਂ ਇਹਨਾਂ ਦੇ ਅਤਿਅੰਤ ਧੰਨਵਾਦੀ ਹਾਂ। ਪਰਵਾਸੀ ਸਾਹਿਤ ਅਧਿਅਨ ਕੇਂਦਰ ਦੀਆਂ ਪ੍ਰਾਪਤੀਆਂ ਲਈ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਅਧਿਆਪਕ ਤੇ ਪ੍ਰਿੰਸੀਪਲ ਵਿਸ਼ੇਸ਼ ਤੌਰ ਤੇ ਮੁਬਾਰਕਬਾਦ ਦੇ ਹੱਕਦਾਰ ਹਨ।

**ਸ. ਪ. ਸਿੰਘ (ਡਾ.)**
**ਸਾਬਕਾ ਵਾਈਸ ਚਾਂਸਲਰ,**
**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ**

**ਮੁਲਾਕਾਤ**

# ਚਰਨ ਸਿੰਘ ਕੈਨੇਡਾ

**ਡਾ. ਮੁਨੀਸ਼ ਕੁਮਾਰ**



ਚਰਨ ਸਿੰਘ ਕੈਨੇਡਾ ਰਹਿੰਦਾ ਪਰਵਾਸੀ ਪੰਜਾਬੀ ਲੇਖਕ ਹੈ। ਇਹਨਾਂ ਦੇ ਹੁਣ ਤਕ 52 ਕਾਵਿ-ਸੰਗ੍ਰਹਿ ਛਪ ਚੁੱਕੇ ਹਨ। ਇਹਨਾਂ ਨੇ ਜਿਆਦਾਤਰ ਵੱਡ ਅਕਾਰੀ ਕਵਿਤਾਵਾਂ ਲਿਖੀਆਂ ਹਨ, ਜੋ ਅੱਜ ਤੱਕ ਪੰਜਾਬੀ ਸਾਹਿਤ ਵਿੱਚ ਨਹੀਂ ਲਿਖੀਆਂ ਗਈਆਂ। ਇਹਨਾਂ ਦਾ ਕਾਵਿ ਸੰਸਾਰ ਆਤਮ ਮੁਖੀ ਅਤੇ ਬੋਧਿਕ ਡੂੰਘਾਈ ਵਾਲਾ ਹੈ। ਉਹਨਾਂ ਦੇ ਅਨੁਸਾਰ "ਮੇਰੀ ਕਵਿਤਾ ਵਿਅਕਤੀਗਤ ਕਾਵਿਕ ਦਰਸ਼ਨ ਦੇ ਅਧਾਰ ਤੇ ਮਨੁੱਖ ਅਨੁਕੂਲ ਸਮਾਜ ਤੇ ਵਿਸ਼ਵ ਸਿਰਜਣ ਦੀ ਧਾਰਨੀ ਹੈ। ਆਧੁਨਿਕਤਾ ਦਾ ਸੰਤਾਪ ਹੰਢਾਅ ਰਿਹਾ ਅਜੋਕਾ ਮਨੁੱਖ ਮੇਰੇ ਕਾਵਿ ਦਾ ਵਿਸ਼ਾ ਹੈ"

**ਸ : ਸਾਹਿਤ ਵਿਚ ਤੁਹਾਡਾ ਕੀ ਯੋਗਦਾਨ ਹੈ?**

ਉ: ਮੈਂ ਹੁਣ ਤਕ 52 ਕਾਵਿ ਪੁਸਤਕਾਂ ਲਿਖੀਆਂ ਹਨ। 5 ਵੱਡ ਆਕਾਰੀ ਲੰਬੀਆਂ ਕਾਵਿ ਪੁਸਤਕਾਂ ਹਨ। 9 ਛੋਟੀਆਂ ਤੇ ਲੰਬੀਆਂ ਕਵਿਤਾਵਾਂ ਦੇ ਕਾਵਿ-ਸੰਗ੍ਰਹਿ ਹਨ। 36 ਦਰਮਿਆਨੀ ਕਵਿਤਾ ਆਕਾਰ ਦੇ ਸੰਗ੍ਰਹਿ ਹਨ। ਇੱਕ ਕਾਵਿ ਨਾਟਕ ਹੈ। ਇਕ ਟੱਪਿਆ ਦਾ ਲੋਕ ਕਾਵਿ-ਸੰਗ੍ਰਹਿ ਹੈ। ਇਹ ਮੇਰਾ ਪਿੱਛਲੇ 40 ਤੋਂ 50 ਸਾਲਾ ਦਾ ਪੰਜਾਬੀ ਸਾਹਿਤ ਨੂੰ ਯੋਗਦਾਨ ਹੈ।

**ਸ: ਤੁਹਾਡੀਆਂ ਕਾਵਿ ਪੁਸਤਕਾਂ ਵਿਚੋਂ ਕਿਹੜੀਆਂ ਪੁਸਤਕਾਂ ਸਭ ਤੋਂ ਵੱਧ ਮਕਬੂਲ ਹਨ?**

ਉ: ਮੇਰੀਆਂ 51 ਕਾਵਿ-ਪੁਸਤਕਾਂ ਹਨ। ਇਨ੍ਹਾਂ ਸਾਰੀਆਂ ਦਾ ਸਾਹਿਤਕ ਪੱਧਰ ਉੱਚਾ ਹੈ। ਮਕਬੂਲ ਤਾਂ ਤਕਰੀਬਨ ਸਾਰੀਆਂ ਹਨ ਪਰ ਕੁੱਝ ਦਾ ਜ਼ਿਕਰ ਮੈਂ ਤੁਹਾਡੇ ਨਾਲ ਕਰਾਂਗਾ। ਤੀਸਰੀ ਅੱਖ, ਸ਼ੂਨਧ-ਬੋਧ, ਆਪੇ-ਬੋਲ-ਸ੍ਰੋਤ, ਵਿਪਰੀਤ, ਅੰਕੁਰ, ਆਧੁਨਿਕ ਵਿਸ਼ਵ ਤੇ ਸੰਤੁਲਨ ਆਦਿ।

**ਸ: ਆਧੁਨਿਕ ਕਵਿਤਾ (21ਵੀਂ ਸਦੀ ਦੀ ਕਵਿਤਾ ) ਬੇਹਿਸਾਬ ਲਿਖੀ ਜਾ ਰਹੀ ਹੈ, ਇਸਦਾ ਭਾਰਤੀ ਕਵਿਤਾ ਵਿਚ ਕੀ ਸਥਾਨ ਹੈ?**

ਉ: ਯੂਰਪੀਅਨ ਵਿਦਵਾਨਾਂ ਅਨੁਸਾਰ ਯੂਰਪ ਵਿਚ ਆਧੁਨਿਕਤਾ ਦਾ ਆਰੰਭ 13ਵੀਂ ਅਤੇ 14ਵੀਂ ਸਦੀ ਵਿਚ ਹੁੰਦਾ ਹੈ ਪਰ ਜੇ ਵਿਚਾਰ ਕੀਤਾ ਜਾਵੇ ਤਾਂ ਯੂਨਾਨ ਵਿਚ 4-5 ਸਦੀ ਵਿਚ ਆਧੁਨਿਕਤਾ ਦੀ ਸਿਖਰ ਸੀ। ਉਸ ਸਮੇਂ ਯੂਨਾਨ ਵਿਚ ਲੋਕ-ਤੰਤਰ ਪ੍ਰਣਾਲੀ ਦੀ ਖੋਜ ਹੋਈ। ਮਨੁੱਖ ਨਿਆਇ ਸਿਧਾਤਾਂ ਦੀ ਸਥਾਪਨਾ ਹੋਈ। ਸਮਕਾਲੀ ਸਾਹਿਤ ਦੀ ਪ੍ਰੀਭਾਸ਼ਾ ਅਤੇ ਆਲੋਚਨਾ ਹੋਂਦ ਵਿਚ ਆਈ **Mathemetic** ਅਤੇ **Geometry** ਦੇ ਸਰਬ ਵਿਆਪੀ ਸਿਧਾਂਤਾ ਦੀ ਖੋਜ ਅਤੇ ਸਥਾਪਨਾ ਹੋਈ। ਇਸ ਲਈ ਇਹ ਕਹਿਣਾ ਤਾਂ ਕਠਿਨ ਹੈ ਕਿ ਯੂਰਪ ਵਿਚ ਆਧੁਨਿਕਤਾ ਦਾ ਆਰੰਭ ਸਹੀ ਅਰਥਾਂ ਵਿਚ ਕਦੋਂ ਹੋਇਆ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਯੂਰਪ 13ਵੀਂ, 14ਵੀਂ ਸਦੀ ਤੋਂ ਆਧੁਨਿਕਤਾ ਦਾ ਰੂਪ ਧਾਰਨ ਕਰਦਾ ਹੋਇਆ ਆ ਰਿਹਾ ਹੈ। ਆਧੁਨਿਕ ਕਾਵਿ ਦੇ ਤਿੰਨ ਮੁੱਢਲੇ ਗੁਣ ਹਨ। ਜਗਤ ਹਿਤੂ, ਤ੍ਰੈਕਾਲ ਮੁਖਤਾ, ਧਰਮ-ਨਿਰਪੱਖਤਾ ਅਤੇ ਸੰਤੁਸ਼ਟਤਾ ਰਹਿਤ ਖੋਜੀ ਸੁਭਾਅ। ਆਲੋਚਨਾਤਮਕ ਦ੍ਰਿਸ਼ਟੀ ਤੋਂ ਵਿਚਾਰਿਆ ਇਨ੍ਹਾਂ ਸਾਰੇ ਆਧੁਨਿਕਤਾ ਦੇ ਗੁਣਾਂ ਦਾ ਅਸਰ ਭਾਰਤੀ ਪੰਜਾਬੀ ਕਵਿਤਾ ਤੇ ਪ੍ਰਤੱਖ ਹੈ। ਜਿਸ ਨਾਲ ਭਾਰਤੀ ਪੰਜਾਬੀ ਕਵਿਤਾ ਬਿੰਦੂ ਤੋਂ ਦਾਇਰੇ ਦਾ ਰੂਪ ਧਾਰਦੀ ਜਾ ਰਹੀ ਹੈ ਪੰਜਾਬੀ ਕਵਿਤਾ ਵਿਚ ਤਰਕਸ਼ੀਲਤਾ, ਸਹਿਕਾਰਤਾ ਮਨੁੱਖੀ ਵਿਗਿਆਨਕ ਪ੍ਰਾਪਤੀਆਂ ਦਾ ਪ੍ਰਗਟਾਵਾ ਆਧੁਨਿਕਤਾ ਦੇ ਗੁਣ ਹਨ। ਇਹ ਮਨੁੱਖ ਲਈ ਮਨੁੱਖੀ ਭਵਿੱਖ, ਸਾਹਿਤ ਅਤੇ ਵਿਸ਼ਵ ਲਈ ਬਹੁਤ ਵਧੀਆ ਹੈ। ਭਾਰਤੀ ਪੰਜਾਬੀ ਕਵਿਤਾ ਦੇ ਵਿਕਾਸ ਵਿਚ ਆਧੁਨਿਕਤਾ ਦਾ ਇਸ ਪੱਖ ਤੋਂ ਵਿਸ਼ੇਸ਼ ਸਥਾਨ ਹੈ।

**ਸ: ਤੁਸੀ ਕਿਹੜੀ ਕਵਿਤਾ ਜਾਂ ਕਵੀ ਤੋਂ ਪ੍ਰਭਾਵਿਤ ਹੋ?**

ਉ: ਮੈਂ ਰੋਮਾਂਚਿਕ ਕਵਿਤਾ, ਪ੍ਰਗਤੀਸ਼ੀਲ ਕਵਿਤਾ, ਪ੍ਰਯੋਗਸ਼ੀਲ ਕਵਿਤਾ ਅਤੇ ਜੁਝਾਰੂ ਕਵਿਤਾ ਦਾ ਡੂੰਘਾ ਅਧਿਅਨ ਕੀਤਾ ਹੈ। ਮੈਂ ਇਸ ਨੂੰ ਸਮਝਿਆ, ਸੋਚਿਆ ਤੇ ਵਿਚਾਰਿਆ ਹੈ। ਪਰ ਇਸ ਦੇ ਪ੍ਰਭਾਵ ਤੋਂ ਨਿਰਲੇਪ ਰਿਹਾ ਹਾਂ। ਇਸ ਤਰ੍ਹਾਂ ਮੈਂ ਪੰਜਾਬੀ, ਹਿੰਦੀ, ਉਰਦੂ ਤੇ ਅੰਗਰੇਜੀ ਕਵੀਆਂ ਦਾ ਵੀ ਅਧਿਅਨ ਕੀਤਾ ਹੈ ਪਰ ਮੈਂ ਉਨ੍ਹਾਂ ਦੇ ਪ੍ਰਭਾਵ ਤੋਂ ਵੀ ਨਿਰਲੇਪ ਹੀ ਰਿਹਾ ਹਾਂ ਕਿਉਂਕਿ ਮੈਂ ਆਪਣੀ ਸਿਰਜਣਾਤਮਕ ਰਚਨਾ ਨੂੰ ਕਿਸੇ ਕਵੀ ਜਾ ਕਿਸੇ ਕਵਿਤਾ ਦੇ ਪ੍ਰਭਾਵ ਹੇਠ ਵੇਖਣਾ ਨਹੀਂ ਸੀ ਚਾਹੁੰਦਾ। ਰੋਮਾਂਚਿਕ, ਪ੍ਰਗਤੀਸ਼ੀਲ, ਪ੍ਰਯੋਗਸ਼ੀਲ ਅਤੇ ਜੁਝਾਰੂ ਕਾਵਿਕ ਧਾਰਾ 'ਚੋਂ ਮੈਨੂੰ ਸਭ ਤੋਂ ਵੱਧ ਆਧੁਨਿਕ ਕਾਵਿ ਧਾਰਾ ਪੰਸਦ ਹੈ ਅਤੇ ਮੈਂ ਆਧੁਨਿਕ ਕਵੀ ਹਾਂ।

**ਸ: ਕਵਿਤਾ ਦੇ ਵੱਖ-ਵੱਖ ਰੂੱਪਾਂ ’ਚੋਂ ਕਿਹੜੇ ਰੂਪ ਅੱਜ-ਕੱਲ੍ਹ ਵੱਧ ਪ੍ਰਚਲਿਤ ਹਨ। ਤੁਹਾਨੂੰ ਉਨ੍ਹਾਂ ’ਚੋਂ ਕਿਹੜਾ ਪੰਸਦ ਹੈ?**

ੳ: ਅੱਜ-ਕੱਲ੍ਹ ਪੰਜਾਬੀ ਸਾਹਿਤ ਵਿਚ ਗ਼ਜ਼ਲ ਅਤੇ ਖੁੱਲ੍ਹੀ ਕਵਿਤਾ ਵਧੇਰੇ ਪ੍ਰਚਲਿਤ ਹੈ। ਮੈਨੂੰ ਇਹ ਦੋਵੇਂ ਹੀ ਕਾਵਿਕ ਵੰਨਗੀਆਂ ਪਸੰਦ ਹਨ।

**ਸ: ਤੁਹਾਡਾ ਪ੍ਰੇਰਨਾ ਸ੍ਰੋਤ ਕੌਣ ਹੈ?**

ੳ: ਮੇਰਾ ਪ੍ਰੇਰਨਾ ਸ੍ਰੋਤ ਜੀਵਨ ਹੈ, ਸਮਾਜ ਹੈ ਜਿਸ ਵਿਚ ਮੈਂ ਵਿਚਰ ਰਿਹਾ ਹਾਂ ਮੈਂ ਆਪਣੇ ਵਿਚਰਨ ਧਰਾਤਲ ਅਤੇ ਦੁਆਲੇ ਦੇ ਪ੍ਰਤੀਕਰਮਾਂ ਚੋਂ ਨਿਕਲੇ ਸਿੱਟਿਆਂ ਪ੍ਰਤੀ ਬੜ੍ਹਾ ਚੇਤੰਨ ਹਾਂ। ਇਹ ਸਿੱਟੇ ਹੀ ਜੀਵਨ ਦੀ ਸਹੀ ਜਾਂ ਗਲਤ ਸੇਧ ਬਾਰੇ ਮੈਨੂੰ ਚੇਤਨ ਕਰਦੇ ਹਨ। ਆਧੁਨਿਕਤਾ ਦਾ ਸੰਤਾਪ ਹੰਢਾਅ ਰਿਹਾ ਅਜੋਕਾ ਮਨੁੱਖ ਅਤੇ ਉਸ ਦੇ ਜੀਵਨ ਦੀ ਕਾਰਜ ਪ੍ਰਣਾਲੀ ਵੀ ਮੇਰੇ ਪ੍ਰੇਰਨਾ ਸ੍ਰੋਤ ਦੀ ਭਾਗੀਦਾਰ ਹੈ।

**ਸ: ਕੀ ਕਵਿਤਾ ਅੱਜ ਕੱਲ੍ਹ ਦੇ ਜਮਾਨੇ ਵਿਚ ਖਤਰੇ ’ਚ ਹੈ?**

ੳ: ਉਹ ਕਵਿਤਾ, ਜੋ ਜੀਵਨ ਦੇ ਯਥਾਰਥਕ ਸੱਚ ਨੂੰ ਮਨੁੱਖ ਹਿਤੂ ਜੀਵਨ ਅਧਾਰ ’ਤੇ ਅਭੀਵਿਅਕਤ ਕਰਦੀ ਹੈ। ਮਨੁੱਖ ਅਨੁਕੂਲ ਸਮਾਜ ਤੇ ਵਿਸ਼ਵ ਸਿਰਜਣ ਦੀ ਧਾਰਨੀ ਹੈ। ਉਸ ਨੂੰ ਕੋਈ ਖ਼ਤਰਾ ਨਹੀ। ਜੋ ਕਵਿਤਾ ਇਸ ਮਕਸਦ ਦੀ ਉਪਲੱਬਦੀ ਤੋਂ ਖਾਲੀ ਹੈ। ਉਸ ਨੂੰ ਖ਼ਤਰਾ ਹੀ ਖ਼ਤਰਾ ਹੈ।

**ਸ: ਵਿਸ਼ਵ ਕਵਿਤਾ ਦੇ ਸਨਮੁਖ ਪੰਜਾਬੀ ਕਵਿਤਾ ਦਾ ਕੀ ਸਥਾਨ ਹੈ?**

ੳ: ਵਿਸ਼ਵ ਕਵਿਤਾ ਦੇ ਸੰਦਰਭ ਵਿਚ ਪੰਜਾਬੀ ਕਵਿਤਾ ਭਾਸ਼ਾ ਅਤੇ ਵਿਸ਼ੇ ਦੇ ਮੰਤਵ ਤੋਂ ਪਿੱਛੇ ਹੈ। ਕਿਉਂ ਕਿ ਜਿਵੇਂ ਮੈਂ ਯੂਰਪੀਅਨ ਆਧੁਨਿਕਤਾ ਬਾਰੇ ਉੱਪਰ ਗੱਲ ਕੀਤੀ ਹੈ, ਉਸ ਹਿਸਾਬ ਨਾਲ ਆਧੁਨਿਕ ਜਾਗਰੂਕਤਾ ਯੂਰਪ ਵਿਚ ਬਹੁਤ ਪਹਿਲਾਂ ਆਈ। ਭਾਰਤ ਵਿਚ ਵਿਸ਼ੇਸ਼ ਤੌਰ ’ਤੇ ਪੰਜਾਬੀ ਆਧੁਨਿਕ ਕਵਿਤਾ ਦਾ ਆਰੰਭ ਭਾਈ ਵੀਰ ਸਿੰਘ ਨਾਲ ਹੁੰਦਾ ਹੈ। ਜੋ ਆਧੁਨਿਕ ਇਤਿਹਾਸਕ ਸਮਾਂ ਯਥਾਰਥਕ ਰੂਪ ਵਿਚ ਯੂਰਪ ਨੇ ਇਨ੍ਹੀ ਲੰਬੀ ਉਮਰ ਹੰਢਾਇਆ, ਉਸਦੀ ਬਨਿਸਪਤ ਭਾਰਤੀ ਪੰਜਾਬੀ ਸਾਹਿਤ ਨੇ ਬਹੁਤ ਘੱਟ ਸਮਾਂ ਹੰਢਾਇਆ ਹੈ। ਆਧੁਨਿਕਤਾ ਦੇ ਅਸਰ ਅਧੀਨ ਮਨੁੱਖੀ ਜੀਵਨ ਵਿਚ ਵਰਤੀ ਜਾਣ ਵਾਲੀ ਸਮੱਗਰੀ ਜਿਨ੍ਹੀ ਯੂਰਪ ਵਿਚ ਉੱਨਤ ਹੋ ਚੁੱਕੀ ਹੈ, ਉਹ ਅਜੇ ਭਾਰਤ ਵਿਚ ਉਸ ਉੱਨਤੀ ਦੀ ਸਿਖਰ ਤੇ ਨਹੀਂ ਪਹੁੰਚੀ। ਇਸ ਉੱਨਤੀ ਦਾ ਅਸਰ ਵੀ ਕਾਵਿ ਵਿਕਾਸ ਤੇ ਪੈਂਦਾ ਹੈ ਪਰ ਆਧੁਨਿਕ ਸਮੇਂ ਦੀ ਪਿੱਛੇਕੜਤਾ ਨੂੰ ਮੁੱਖ ਰੱਖਦੇ ਇਹ

ਕਿਹਾ ਜਾ ਸਕਦਾ ਹੈ। ਕਿ ਏਨੇ ਘੱਟ ਸਮੇਂ ਦੇ ਆਧੁਨਿਕ ਪਿਛੋਕੜ ਦੇ ਬਾਵਜੂਦ ਪੰਜਾਬੀ ਕਵਿਤਾ ਨੇ ਬੇਮਿਸਾਲ ਵਿਕਾਸ ਕੀਤਾ ਹੈ।

**ਸ: ਲੰਬੀ ਕਵਿਤਾ ਬਾਰੇ ਤੁਹਾਡਾ ਕੀ ਖਿਆਲ ਹੈ?**

ੳ: ਮੈਂ ਐਡੀਆ ਵੱਡੀਆਂ ਵੱਡ ਆਕਾਰੀ ਲੰਬੀਆਂ ਕਵਿਤਾਵਾਂ ਲਿਖੀਆਂ ਹਨ ਜੋ ਅੱਜ ਤਕ ਪੰਜਾਬੀ ਸਾਹਿਤ ਵਿਚ ਨਹੀਂ ਲਿਖੀਆ ਗਈਆਂ। ਇਹ 10 ਸਫੇ ਤੋਂ 400 ਸਫੇ ਦੀ ਲੰਬਾਈ ਤਕ ਦੀਆਂ ਹਨ। ਇਕ ਕਵੀ ਦੀ ਪੂਰਨ ਅਤੇ ਮੁੰਕਮਲ ਸ਼ਖਸੀਅਤ ਦੀ ਅਭੀਵਿਅਕਤੀ ਲਈ ਲੰਬੀ ਕਵਿਤਾ ਢੁੱਕਵਾਂ ਮਾਧਿਅਮ ਹੈ। ਬੇਸ਼ੱਕ ਇਹ ਛੋਟੀ ਕਵਿਤਾ ਨਾਲੋਂ ਲਿਖਣੀ ਵਧੇਰੇ ਔਖੀ ਹੈ ਪਰ ਇਸ ਦੀ ਮੁਕੰਮਲਤਾ ਚੋਂ ਉਪਜੀ ਤਸੱਲੀ ਕਵੀ ਨੂੰ ਭਰਪੂਰ ਊਰਜਾ ਪ੍ਰਦਾਨ ਕਰਦੀ ਹੈ। ਲੰਬੀ ਕਵਿਤਾ, ਵੱਡ ਅਕਾਰੀ ਵਿਸ਼ੇ, ਅਮੀਰ ਸ਼ਬਦਾਵਲੀ ਅਤੇ ਚੇਤਨ ਕਾਵਿਕ ਸਿਰਜਣਾਤਮਕ ਪ੍ਰਵਿਰਤੀ ਦੇ ਨਾਲ ਨਾਲ ਕਾਵਿਕ ਸਹਿਜ ਸੁਭਾਅ ਅਤੇ ਸੰਤੁਸ਼ਟਤਾ ਦੀ ਵੀ ਮੰਗ ਕਰਦੀ ਹੈ। ਦੂਜੀ ਗੱਲ ਇਸ ਵਿਚਲੀ ਸ਼ਿਲਪ ਕਲਾ ਹੀ ਅਸਲ ਕਾਵਿ ਹੈ। ਕਾਵਿਕ ਭਾਸ਼ਾ ਦਾ ਮੰਤਵ, ਅਨੁਭਵ ਅਤੇ ਪ੍ਰਵਿਰਤੀਆਂ ਦੀ ਇਕਾਈ ਤੇ ਇਕਸਾਰ ਨਿੰਰਤਰਤਾ ਲੰਬੀ ਕਵਿਤਾ ਲਈ ਬਹੁਤ ਜਰੂਰੀ ਹੈ। ਮੈਨੂੰ ਲੰਬੀ ਕਵਿਤਾ ਦਾ ਬੜਾ ਯਥਾਰਥਕ ਅਨੁਭਵ ਅਤੇ ਅਭਿਆਸ ਹੈ। ਲੰਬੀ ਕਵਿਤਾ ਦੀ ਕਾਰਜ ਪ੍ਰਣਾਲੀ ਅਤੇ ਬਣਤਰ ਵਿਸ਼ੇਸ਼ ਕਲਾ ਕ੍ਰਿਤੀ ਦੀ ਮੰਗ ਕਰਦੀ ਹੈ। ਮੈਂ ਹੁਣ ਤਕ 9 ਛੋਟੀਆਂ ਲੰਬੀਆਂ ਕਵਿਤਾਵਾਂ ਅਤੇ 5 ਵੱਡਅਕਾਰੀ ਲੰਬੀਆ ਕਵਿਤਾਵਾਂ ਦੇ ਕਾਵਿ-ਸੰਗ੍ਰਹਿ ਲਿਖ ਚੁੱਕਿਆਂ ਹਾਂ।

**ਸ: ਤੁਹਾਡੀ ਕਵਿਤਾ ਦੇ ਮੂਲ ਸਰੋਕਾਰ ਕੀ ਹਨ। ਮੇਰਾ ਭਾਵ ਹੈ ਕੀ ਤੁਹਾਡੀ ਕਵਿਤਾ ਆਤਮ ਮੁਖੀ ਹੋਣ ਦੇ ਨਾਲ ਨਾਲ ਗਲੋਬਲ ਸਰੋਕਾਰ ਵੀ ਰੱਖਦੀ ਹੈ?**

ੳ: ਮੇਰੀ ਕਵਿਤਾ ਆਧੁਨਿਕ ਕਵਿਤਾ ਹੋਣ ਕਾਰਨ ਆਤਮ ਮੁਖੀ ਤਾਂ ਹੈ ਹੀ ਕਿਉਂ ਕਿ ਆਧੁਨਿਕਤਾ ਦਾ ਮੁੱਢਲਾ ਗੁਣ ਹੀ ਆਤਮ-ਮੁਖਤਾ ਹੈ। ਇਸ ਦੇ ਨਾਲ ਹੀ ਮੇਰੀ ਕਵਿਤਾ ਆਦਿ ਤੋਂ ਹੁਣ ਤਕ ਗਲੋਬਲ ਪੱਧਰ ’ਤੇ ਹੋਈਆਂ ਮਨੁੱਖੀ ਪ੍ਰਾਪਤੀਆਂ ਦਾ ਆਲੋਚਨਾਤਮਕ ਅਧਿਅਨ ਵੀ ਕਰਦੀ ਹੈ। ਮਨੁੱਖੀ ਪ੍ਰਾਪਤੀਆਂ ਦੇ ਅਧਾਰ ’ਤੇ ਸਿਰਜਿਆ ਅਜੋਕਾ ਵਿਸ਼ਵ, ਮਨੁੱਖ ਅਨੁਕੂਲ ਹੈ ਕਿ ਨਹੀਂ ਮੇਰੀ ਕਵਿਤਾ ਇਸ ਪ੍ਰਤੀ ਵੀ ਚੇਤਨ ਪ੍ਰਯੋਗਿਕ ਅਭਿਆਸ ਦੀ ਧਾਰਨੀ ਹੈ। ਮਨੁੱਖੀ ਪ੍ਰਾਪਤੀਆਂ ਦੇ ਅਧਾਰ ’ਤੇ ਸਿਰਜੇ ਵਿਸ਼ਵ ਚੋਂ ਮਨੁੱਖੀ ਪ੍ਰਾਪਤੀਆਂ ਤਾਂ ਨਜ਼ਰ ਆਉਂਦੀਆਂ ਹਨ ਪਰ ਇਸ ਚੋਂ ਮਨੁੱਖ ਮਨਫ਼ੀ ਹੈ। ਕਿਉਂਕਿ ਵਿਸ਼ਵ ਸਿਰਜਣਾ, ਵਿਕਾਸ ਅਤੇ ਸਥਾਪਤੀ ਅਨੁਕੂਲ

ਨਹੀਂ ਹੋਈ। ਮੇਰੀ ਕਵਿਤਾ ਵਿਅਕਤੀਗਤ ਕਾਵਿਕ ਦਰਸ਼ਨ ਦੇ ਅਧਾਰ ਤੇ ਮਨੁੱਖ ਅਨੁਕੂਲ ਸਮਾਜ ਤੇ ਵਿਸ਼ਵ ਸਿਰਜਣ ਦੀ ਧਾਰਨੀ ਹੈ। ਆਧੁਨਿਕਤਾ ਦਾ ਸੰਤਾਪ ਹੰਢਾਅ ਰਿਹਾ ਅਜੋਕਾ ਮਨੁੱਖ ਮੇਰੇ ਕਾਵਿ ਦਾ ਵਿਸ਼ਾ ਹੈ। ਇਸ ਸੰਦਰਭ ਵਿਚ ਮੇਰੀ ਲੰਬੀ ਕਵਿਤਾ 'ਆਧੁਨਿਕ ਵਿਸ਼ਵ' ਵਿਚਾਰਨ ਯੋਗ ਹੈ। ਮੇਰੀ ਕਵਿਤਾ ਜਿੱਥੇ ਆਤਮ ਮੁਖੀ ਹੈ ਉਥੇ ਸਮੂਹਕ ਗਲੋਬਲ ਸਰੋਕਾਰਾਂ ਨੂੰ ਆਪਣੇ ਘੇਰੇ ਵਿਚ ਲੈਂਦੀ ਹੈ। ਇਹ ਹੀ ਤਾਂ ਮੇਰੇ ਸਮੂਹ ਕਾਵਿ ਦਾ ਯਥਾਰਥ ਹੈ।

**ਸ: ਆਪਣੇ ਮਨ ਭਾਉਂਦੇ ਸ਼ਾਇਰ ਦਾ ਨਾਮ ਦਸੋ ਅਤੇ ਉਹ ਤੁਹਾਨੂੰ ਕਿਉਂ ਪੰਸਦ ਹੈ?**

ੳ: ਮੇਰਾ ਮਨ ਭਾਉਂਦਾ ਸ਼ਾਇਰ ਪੰਜਾਬੀ ਵਿਚ ਸਵਰਗਵਾਸੀ ਡਾ. ਹਰਭਜਨ ਹੈ। ਮੈਨੂੰ ਉਹ ਇਸ ਲਈ ਪਸੰਦ ਹੈ ਕਿਉਂਕਿ ਉਹ ਆਪਣੇ ਸਮਕਾਲੀ ਕਵੀਆਂ ਨਾਲੋਂ ਵੱਖਰਾ, ਨਿਵੇਕਲਾ, ਤ੍ਰੈਕਾਲ ਮੁਖੀ, ਜਗਤ ਹਿਤੂ ਅਤੇ ਕਾਵਿਕ ਸਹਿਕਾਰਤਾ ਦਾ ਧਾਰਨੀ ਸੀ। ਉਹ ਉੱਤਮ ਵਿਦਵਾਨ ਸੀ ਜਿਸ ਨੂੰ ਪੰਜਾਬੀ, ਹਿੰਦੀ, ਅੰਗਰੇਜੀ ਅਤੇ ਉਰਦੂ ਸਹਿਤ ਦਾ ਡੂੰਘਾ ਗਿਆਨ ਸੀ। ਉਸ ਦੀ ਕਵਿਤਾ ਵਿਚਲੀ ਤਰਕ ਤੇ ਜ਼ਜਬਾਤ ਦੀ ਸੰਤੁਲਨਤਾ ਪਾਠਕ, ਬੁੱਧੀ ਤੇ ਮਨ ਨੂੰ ਇਕਾਈ ਰੂਪ ਆਨੰਦ ਪ੍ਰਦਾਨ ਕਰਦੀ ਸੀ। ਉਸਦੀ ਭਾਸ਼ਾ ਅਤੇ ਕਾਵਿਕ ਵਿਸ਼ੇ ਸਮਕਾਲੀ ਸਮੇਂ ਦੀ ਧਾਰਾ ਤੋਂ ਅਲੱਗ ਨਿਵੇਕਲੇ, ਸਹਿਤਕ ਤੇ ਪ੍ਰਭਾਵਸ਼ਾਲੀ ਸਨ।

**ਸ: ਆਪਣੇ ਵਤਨੋਂ ਇਨ੍ਹੀ ਦੂਰ ਰਹਿੰਦੇ ਹੋ ਕਵਿਤਾ ਲਿਖਣਾ ਕੈਸਾ ਮਹਿਸੂਸ ਕਰਵਾਉਂਦਾ ਹੈ?**

ੳ: ਮੈਂ ਕਦੀ ਵੀ ਧਰਤੀ ਨੂੰ ਟੁਕੜਿਆਂ ਅਤੇ ਅਸਮਾਨ ਨੂੰ ਹਿੱਸਿਆਂ 'ਚ ਨਹੀਂ ਵੰਡਿਆ ਅਤੇ ਨਾ ਹੀ ਮੈਂ ਇਸ ਤਰ੍ਹਾਂ ਦੀ ਵੰਡ ਕਦੀ ਮਹਿਸੂਸ ਕੀਤੀ ਹੈ। ਮੇਰਾ ਮੰਨਣਾ ਹੈ ਕਿ ਦੁਨੀਆ ਦੇ ਹਰ ਇਨਸਾਨ ਵਿਚ ਮੈਂ ਵੱਸਦਾ ਹਾਂ, ਮੇਰੇ 'ਚ ਹਰ ਇਨਸਾਨ ਵਸਦਾ ਹੈ। ਇਸ ਲਈ ਮਨੁੱਖ ਧਰਤੀ ਦੇ ਕਿਸੇ ਵੀ ਹਿੱਸੇ 'ਚ ਰਹੇ, ਉਹ ਮਨੁੱਖ ਮੈਂ ਹਾਂ ਅਤੇ ਉਹ ਧਰਤੀ ਮੇਰੀ ਹੈ। ਮੇਰੀ ਚੇਤਨਾ ਜਗਿਆਸਾ ਵਿਸ਼ਵ ਹੈ ਮੇਰਾ ਵਜੂਦ ਹੋਂਦ ਸੱਚ ਸ਼ਨਾਖਤ ਵਿਸ਼ਵ ਹੈ। ਕਵਿਤਾ ਲਿਖਣਾ ਮੈਨੂੰ ਮੇਰੇ ਸੱਚ, ਜੜ੍ਹ ਸਰੀਰਕ ਬਣਤਰ ਦੀ ਸਮੱਗਰੀ ਨਾਲ ਜੋੜੀ ਰਖਦਾ ਹੈ। ਇਸੇ ਲਈ ਹਰਿਆ ਭਰਿਆ ਰੁੱਖ ਨਹੀਂ ਰੁੱਖਾਂ ਦਾ ਜੰਗਲ ਹਾਂ ਮੈਂ।

# ਆਲੋਚਨਾਤਮਕ ਲੇਖ: ਸ਼ੂਨਯ-ਬੋਧ

## ਮਾਨਵੀ ਹੋਂਦ, ਅਸਤਿੱਤਵ ਤੇ ਪਛਾਣ

**ਡਾ. ਮਨੀਸ਼ ਕੁਮਾਰ**

ਪਰਵਾਸੀ ਪੰਜਾਬੀ ਕਵਿਤਾ ਦੇ ਖੇਤਰ ’ਚ ਚਰਨ ਸਿੰਘ ਅਜਿਹਾ ਸ਼ਾਇਰ ਹੈ, ਜੋ ਬ੍ਰਹਿਮੰਡਲ ਵਰਤਾਰਿਆਂ, ਮਨੁੱਖੀ ਹੋਂਦ, ਅਸਤਿੱਤਵ ਤੇ ਪਛਾਣ ਦੇ ਮਸਲਿਆਂ ਨੂੰ ਆਪਣੀ ਕਾਵਿਕਾਰੀ ਰਾਹੀਂ ਨਿਰੰਤਰ ਚਿੱਤਰਦਾ ਜਾ ਰਿਹਾ ਹੈ। ਉਸ ਦਾ ਕਾਵਿ-ਵਿਵੇਕ ਮਹਿਜ ਸਬਦਾਂ ਦੀ ਘਾੜਤ ਤਕ ਹੀ ਮਹਿਦੂਦ ਨਹੀਂ ਰਹਿੰਦਾ, ਸਗੋਂ ਸ਼ਬਦਾਂ ਦੇ ਤਲਿੱਸਮ ਤੋਂ ਪਾਰ ਜਾ ਕੇ ਅਜਿਹੇ ਦ੍ਰਿਸ਼ ਸਿਰਜਦਾ ਹੈ, ਜਿੱਥੇ ਲੋਕਾਈ ਦੇ ‘ਹੋਣ’ ਦੇ ਅਰਥ ਨਿਰੰਤਰ ਪਰਿਕਰਮਾ ਦੇ ਆਹਰ ’ਚ ਰਹਿੰਦੇ ਹਨ। ‘ਹੋਣ’ ਦੀ ਸਥਿਤੀ ਦੇ ਅਰਥ ਇਕਹਿਰੇ ਨਹੀਂ ਸਗੋਂ ਅਰਥ ਤੋਂ ਅਰਥਾਂ ਦੀ ਯਾਤਰਾ ’ਚ ਵਿਲੀਨ ਹਨ। ਇਹ ਇਕ ਬੌਧਿਕ ਅਭਿਆਸ ਹੈ, ਜਿਸ ਵਿਚੋਂ ਚਰਨ-ਕਾਵਿ ਪੁੰਗਰਦਾ ਹੈ, ਪ੍ਰਫੁੱਲਿਤ ਹੁੰਦਾ ਹੈ। ਇਸ ਅਭਿਆਸ ਦੇ ਪਿਛੋਕੜ ’ਚ ਦਾਰਸ਼ਨਿਕ ਪ੍ਰੰਪਰਾਂ ਵਿਚੋਂ ਉਪਜੀਆਂ ਗਿਆਨ ਸ਼ਾਸਤਰੀ ਪਹੁੰਚ ਵਿਧੀਆਂ ਦੇ ਨਾਲ-ਨਾਲ ਸਮੁੱਚੇ ਵਿਸ਼ਵ ਦੇ ਪ੍ਰਚਲਿਤ ਗ੍ਰੰਥਾਂ ਦੇ ਬਹੁਮੁੱਲੇ ਪ੍ਰਵਚਨ ਵੀ ਕਾਰਜਸ਼ੀਲ ਰਹਿੰਦੇ ਹਨ। ਇਹੀ ਕਾਰਨ ਹੈ ਕਿ ਚਰਨ-ਕਾਵਿ ਇਕੋ ਸਮੇਂ ਭਾਸ਼ਾਈ ਸਾਹਿਤਕ, ਸਭਿਆਚਾਰਕ ਤੇ ਦਾਰਸ਼ਨਿਕ ਚਿੰਤਨ ਨਾਲ ਲਬਰੇਜ਼ ਹੈ।

ਚਰਨ ਸਿੰਘ ਦੀ ਕਾਵਿਕਾਰੀ ਦਾ ਇਤਿਹਾਸ ਬਹੁਤ ਲੰਬਾ ਹੈ। ਹੁਣ ਤਕ ਉਸ ਦੇ ਤਿੰਨ ਕੁ ਦਰਜਨ ਦੇ ਕਰੀਬ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਹੱਥਲਾ ਲੇਖ ਉਸ ਦੇ ਕਾਵਿ-ਸੰਗ੍ਰਹਿ ‘ਸ਼ੂਨਯ-ਬੋਧ’ ’ਤੇ ਕੇਂਦਰਿਤ ਹੈ ਜੋ ਕਿ ਉਸਦਾ ਤੀਜਾ ਕਾਵਿ-ਸੰਗ੍ਰਹਿ ਹੈ, ਜੋ ਪਹਿਲੀ ਵਾਰ 1987 ਈ. ਵਿਚ ਪ੍ਰਕਾਸ਼ਿਤ ਹੋਇਆ। ਚਰਨ ਸਿੰਘ ਦੀ ਸਮੁੱਚੀ ਕਾਵਿ-ਸਿਰਜਣਾ ਦੇ ਪਿਛੋਕੜ ’ਚ ਭਾਰਤੀ ਵੇਦਾਂਤੀ ਚਿੰਤਨ ਦੇ ਵੱਖ-ਵੱਖ ਪੈਟਰਨ ਕਾਰਜਸ਼ੀਲ ਹਨ। ਇਹ ਚਿੰਤਨ ਪ੍ਰਕਿਰਤੀ ਦੇ ਰਹੱਸ, ਮਾਨਵੀ ਹੋਂਦ ਤੇ ਉਸ ਦੇ ਪਾਸਾਰ ਅਤੇ ਉਸ ਦੀ ਹੋਣੀ ਨੂੰ ਚਿਤਵਦਾ ਹੋਇਆ ਮਾਨਵਤਾ ਦੇ ਹੋਂਦ ਦੇ ਅਰਥਾਂ ਨੂੰ ਉਜਾਗਰ ਕਰਦਾ ਪ੍ਰਤੀਤ ਹੁੰਦਾ ਹੈ। ਜਿਸ ਦੀ ਕਨਸੋਅ ਉਸ ਦੇ ਕਾਵਿ-ਸੰਗ੍ਰਿਹਾਂ ਦੇ ਸਿਰਲੇਖਾਂ ਤੋਂ ਹੀ ਭਲੀ-ਭਾਂਤ ਸਪੱਸ਼ਟ ਹੋ ਜਾਂਦੀ ਹੈ। ਜਿਵੇਂ: ਤੀਸਰੀ ਅੱਖ 1982), ਮਿੱਟੀ ’ਚ ਉੱਕਰੇ ਅੱਖਰ (1984), ਰੁੱਖ ਤੇ ਜੰਗਲ

(2008), ਮੁੜਕੋ-ਮੁੜਕੀ ਪੌਣ (2010), ਨੀਲਾ ਆਸਮਾਨ ਤੇ ਬਾਹਰੋਂ ਆਇਆ ਆਦਮੀ (2016ਵਾਂ ਤੋਂ ਸੂਰਜ ਤੇ ਕਿਰਨਾਂ (2010) ਆਦਿ ।

ਚਰਨ ਸਿੰਘ ਰਚਿਤ ਕਾਵਿ-ਸੰਗ੍ਰਹਿ 'ਸ਼ੂਨਯ-ਬੋਧ' ਬਹੁਅਰਥੀ ਤੇ ਮਨੁੱਖੀ ਮਨ ਦੀਆਂ ਭੁੱਲੀਆਂ-ਵਿਸਰੀਆਂ ਸਿਮਰਤੀਆਂ ਨੂੰ ਜਗਾਉਂਦਾ ਹੈ। ਇੱਥੇ ਸ਼ੂਨਯ ਸ਼ਬਦ ਨਿਸਚਿਤਤਾ ਜਾਂ ਮਨਫ਼ੀਵਾਦੀ ਹੋਣ ਦਾ ਸੂਚਕ ਨਹੀਂ ਤੇ ਨਾ ਹੀ ਰਿਣਾਤਮਕ ਸੋਚ ਦਾ ਚਿਹਨ। ਸ਼ੂਨਯ ਤੋਂ ਅਗਲਾ ਸ਼ਬਦ 'ਬੋਧ' ਹੈ। ਇੱਥੇ ਬੋਧ ਦੇ ਆਪਣੇ ਕਈ ਪਾਸਾਰ ਹਨ। ਸ਼ੂਨਯ ਤੇ ਬੋਧ ਵਿਚਕਾਰ ਹਾਈਫ਼ਨ ਹੈ। ਇਸ ਹਾਈਫ਼ਨ ਵਿਚ ਅਰਥ ਸੰਭਾਵਨਾਵਾਂ ਦੀਆਂ ਕਈ ਬਹੁਧੁਨੀਆਂ ਦਾ ਸਮਾਵੇਸ਼ ਹੈ। ਸ਼ੂਨਯ ਦੀ ਸਥਿਤੀ ਹੋਣ 'ਤੇ ਕਿਸੇ ਅਸਲ ਦਾ ਬੋਧ ਹੋ ਜਾਣ ਦੀ ਚਿਹਨੀਕਰਣ ਦੀ ਪ੍ਰਕ੍ਰਿਆ, ਜੋ ਅਨੰਤ ਤੋਂ ਅਮੁੱਕ ਚੱਲਦੀ ਰਹਿੰਦੀ ਹੈ। ਇਹ ਅਜਿਹਾ ਕੜੀਦਾਰ ਵਰਤਾਰਾ ਹੋ ਨਿੱਬੜਦਾ ਹੈ, ਜਿਸ ਦਾ ਸੰਬੰਧ ਜੀਅ-ਜੰਤ ਤੋਂ ਲੈ ਕੇ ਅਜੋਕੇ ਵਰਤਾਰਿਆਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਇਸ ਤਰ੍ਹਾਂ ਸ਼ਾਇਰ ਰਵਾਇਤੀ ਤੇ ਪਰੰਪਰਕ ਅਰਥਾਂ ਦਾ ਵਿਖੰਡਨ ਕਰਦਾ ਹੋਇਆ ਜੀਵਨ ਦੀ ਪਰਿਵਰਤਨਸ਼ੀਲਤਾ 'ਚੋਂ ਮਾਨਵੀ ਅਕਸ ਦੀਆਂ ਬੇਤਰਤੀਬੀਆਂ ਨੂੰ ਉਭਾਰਦਾ ਹੈ:

ਮੇਰਾ ਸਵੈ-ਰੂਪ  
ਗੁਆਚ ਗਿਆ ਹੈ  
ਮੇਰੀ ਦੇਹੀ ਦੇ ਖੂਹ ਅੰਦਰ  
ਉਂਗਲਈ-ਅੱਖ਼ੀ ਸ਼ੀਸੇ ਲਾ  
ਅੱਖੀਆਂ ਤੇ ਦਸਤਾਨੇ ਪਾ  
ਲੱਭ ਰਿਹਾ ਹਾਂ ।  
ਦਿਨੇ ਅੰਨ ਦੀ ਇਕ ਗੋਲੀ 'ਚੋਂ  
ਰਾਤ ਸਕਾਚੀ ਸੜਦੇ ਜਲ 'ਚੋਂ।

ਬੋਧੀਆਂ ਨੇ ਸ਼ੂਨਯ ਸਿਧਾਂਤ ਨੂੰ ਕੇਂਦਰ ਵਿਚ ਰੱਖ ਕੇ ਇਸ ਨੂੰ ਵਿਸਤਾਰਨ ਦਾ ਯਤਨ ਕੀਤਾ ਹੈ, ਜਿੱਥੇ ਮਨੁੱਖ ਅਜਿਹੀ ਅਵਸਥਾ 'ਚ ਆ ਕੇ ਮੁੜ ਆਪਣੀ ਸਿਰਜਣਾ ਕਰ ਸਕੇ। ਅਜਿਹੀ ਅਵਸਥਾ 'ਚੋਂ ਪੈਦਾ ਹੋਣ ਵਾਲਾ ਸਹਿਜ ਪਲ-ਪਲ ਰੁਮਕਦਾ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਹੀ ਇਸ ਨੂੰ ਪ੍ਰਗਟਾਉਣ ਦੀ ਸਮਰੱਥਾ ਕਿਸੇ ਵੀ ਵਿਆਕਰਣਿਕ ਇਕਾਈ ਕੋਲ ਨਹੀਂ ਹੁੰਦੀ। ਇਹ ਸਥਿਤੀ ਤੇ ਭਾਸ਼ਾ ਰਾਹੀਂ ਸਿਰਜਿਤ ਸਮਾਜ ਤੋਂ ਬਹੁਤ ਅਗਾਂਹ ਹੈ। ਇਨ੍ਹਾਂ ਸਭ ਸੰਕਲਪਾਂ ਤੋਂ ਪਾਰ ਜਾਣ ਦੀ ਸਥਿਤੀ 'ਖ਼ਲਾਅ' ਨਹੀਂ ਬਲਕਿ ਸ਼ੂਨਯ ਹੈ। ਜਿੱਥੇ ਨਾ ਕੋਈ ਵਾਕ ਪ੍ਰਬੰਧ ਹੈ, ਤੇ ਨਾ ਹੀ ਭਾਸ਼ਾ ਵਿਗਿਆਨ ਤੇ ਨਾ ਹੀ ਭਾਸ਼ਾ ਵਿਗਿਆਨ ਤੋਂ ਉਤਪਾਦਿਤ ਹੋਈਆਂ ਅਰਥ

ਇਕਾਈਆਂ ਹਨ। ਚਰਨ ਸਿੰਘ ਵੀ ਅਜਿਹੀ ਹੀ ਸਥਿਤੀ ਨਾਲ ਵਾਬਸਤਾ ਹੈ। ਉਹ ਮੌਜੂਦਾ ਭਾਸ਼ਾ ਰਾਹੀਂ ਅਜਿਹੀ ਸਥਿਤੀ ਨੂੰ ਪ੍ਰਗਟਾਉਣ ਦੇ ਅਸਮਰੱਥ ਹੈ। ਉਸ ਦੀ ਚੇਤਨਾ ਇਸ ਤੋਂ ਅਭਿੱਜ ਨਹੀਂ:

''ਭਾਸ਼ਾ
ਆਪਣਾ ਜਿਸਮ ਉਤਾਰ
ਪਾਣੀ ਹੋਏ ਲੋਹੇ ਵਾਂਗੂੰ
ਸ਼ਬਦਾਂ ਤੇ ਅਰਥਾਂ ਦੇ
ਸਿਰ ਤੋਂ ਵਗ ਰਹੀ ਹੈ।''[2]

ਸੁਰਤੀ ਅਸੁਰਤ ਹੈ
ਅਪਣੀ ਪਹਿਚਾਣ ਤੋਂ ਲਫ਼ਜ
ਅੱਜ ਤੱਕ ਵਾਕਿਫ਼ ਨਹੀਂ
ਆਪਣੀ ਪਹਿਚਾਣ ਤੋਂ, ਲਹੂ ਹੈ।
ਆਪਣਾ ਰੰਗ ਵਾਂਗ ਪਾਣੀ ਦੱਸ ਰਿਹਾ
ਅਫ਼ਸੋਸ
ਭਰਿਆ ਹੁੰਗਾਰਾ ਹੀ ਨਹੀਂ ਜਾਂਦਾ
ਇਨਸਾਨ ਤੋਂ।[3]

"ਵਰਣ ਤੋਂ
ਵਰਣਮਾਲਾ ਦਾ ਸਫ਼ਰ
ਬੀਜ ਗਿਆ ਹੈ
ਆਪਣੇ ਆਪ 'ਚ
ਮਲਮ ਕੰਡਿਆਲਾ ਜੰਗਲ
ਪੈਰਾਂ ਦੇ ਮਿੱਧਣ ਲਈ
ਪਲਕਾਂ 'ਚ ਦੂਰ ਤਕ ਫੈਲੀ
ਨਜ਼ਰ ਕੁੜੀ ਦੀ ਸੋਚ ਡੰਗਣ ਲਈ।"[4]

ਚਰਨ ਸਿੰਘ ਅਜੋਕੀ ਮਾਨਵਤਾ ਦੇ ਵਿਭਿੰਨ ਸਰੋਕਾਰਾਂ ਨੂੰ ਮੁਖਾਤਿਬ ਹੁੰਦਾ ਹੈ। ਵਿਕਸਤ ਪੂੰਜੀਵਾਦੀ, ਸੂਚਨਾ ਤੇ ਤਕਨਾਲੋਜੀ ਦੇ ਯੁੱਗ ਵਿਚ ਮੱਨੁਖ ਕੋਲ ਏਨੀ ਸੋਝੀ ਹੀ ਨਹੀਂ ਕਿ ਉਹ ਆਪਣੇ ਸਵੈ ਦੀ ਪੜਚੋਲ ਕਰ ਸਕੇ। ਰੋਟੀ ਕਪੜਾ ਤੇ ਮਕਾਨ ਦੀ ਮੁਥਾਜ ਹੋਈ ਜਿੰਦਗੀ ਅਤੇ ਇਨ੍ਹਾਂ ਵਸੀਲਿਆਂ ਨੂੰ ਬਰਕਰਾਰ ਰੱਖਣ ਦੀ

ਪ੍ਰਬਲ ਇੱਛਾ ਆਪਣੇ ਹੋਂਦ ਤੇ ਅਸਤਿੱਤਵ ਨੂੰ ਸੰਸਥਾਵੀਂ ਪ੍ਰਵਚਨਾਂ ਤੋਂ ਕੁਰਬਾਨ ਹੁੰਦੀ ਦੇਖੀ ਜਾ ਸਕਦੀ ਹੈ। ਇਨ੍ਹਾਂ ਸਭ ਤੋਂ ਟੁੱਟਣ ਦੀ ਸਥਿਤੀ ਜਾਂ ਸੰਸਥਾਵਾਂ ਚੋਂ ਨਕਾਰੇ ਜਾਣ ਦੀ ਸਥਿਤੀ 'ਚ ਬੇਬਸ ਹੋਇਆ ਮਨੁੱਖ ਮੌਤ ਵੱਲ ਆਪਣੇ ਵੱਧਦੇ ਹੋਏ ਕਦਮਾਂ ਨੂੰ ਰੋਕਦਾ ਹੋਇਆ ਇਕ ਵਾਰ ਫਿਰ ਤੋਂ ਆਪਣੇ-ਆਪ ਨੂੰ ਬਚਾਉਣ ਲਈ ਸਮਝੋਤੇ ਦਾ ਸ਼ਿਕਾਰ ਹੁੰਦਾ ਹੈ। ਬਚਣ-ਬਚਾਉਣ ਦੀਆਂ ਹਾਲਤਾਂ 'ਚ ਉਹ ਬੱਚਦਾ ਵੀ ਹੈ ਪਰੰਤੂ ਉਸ ਕੋਲ ਸੋਝੀ ਨਾ ਤਾਂ 'ਗੁਰਮੁੱਖ' ਵਾਲੀ ਹੈ ਅਤੇ ਨਾ ਹੀ 'ਮਨਮੁੱਖ' ਵਾਲੀ। ਉਹ ਤਾਂ ਮਨਮੁੱਖ ਸਥਿਤੀ ਤੋਂ ਵੀ ਪਾਰ ਜਾ ਕੇ ਬਿਨਾਂ ਕੁਝ ਕੀਤੇ ਅਜਿਹੀ ਅਪਰਾਧ ਸ਼੍ਰੇਣੀ ਦਾ ਸ਼ਿਕਾਰ ਹੋ ਜਾਂਦਾ ਹੈ, ਜਿਸ ਦਾ ਸਬੂਤ ਜਿੰਦਗੀ ਦੇ ਆਖਰੀ ਸਾਹਾਂ 'ਚ ਉਸ ਦੇ ਮੂੰਹ ਵਾਹਿਗੁਰੂ, ਹੇ ਰਾਮ, ਜੀਸਸ, ਅੱਲਾਹ ਨਿਲਦਾ ਹੈ। ਇਨ੍ਹਾਂ ਉਚਾਰੇ ਗਏ ਸ਼ਬਦਾਂ ਦਾ ਬੋਧ ਮਨੁੱਖ ਜਿਊਂਦੇ ਜੀਅ ਨਹੀਂ ਕਰਦਾ। ਜੇਕਰ ਕਰਦਾ ਵੀ ਹੈ ਤਾਂ ਜਿਉਂਦੇ ਰਹਿਣ ਦੀ ਪ੍ਰਕ੍ਰਿਆ ਨੂੰ ਬਰਕਰਾਰ ਰੱਖਣ ਲਈ ਜਾਂ ਅਪਰਾਧ ਬੋਧ ਤੋਂ ਮੁਕਤ ਹੋਣ ਲਈ। ਮਨੁੱਖ ਜੀਵਨ ਤੇ ਮੌਤ ਵਿਚਲੀ 'ਸੁੰਨ' ਨੂੰ ਮਹਿਸੂਸ ਨਹੀਂ ਕਰ ਪਾਉਂਦਾ। ਇਸ 'ਸੁੰਨ' 'ਚ ਉਸ ਦੇ ਹੋਣ ਦੀ ਸਥਿਤੀ ਤੇ ਉਸ ਦੇ ਹੋਣ ਦੇ ਅਰਥ ਹਾਜ਼ਿਰ ਹਨ। ਹਾਜ਼ਿਰ ਹੋਏ ਅਰਥਾਂ ਦੀ ਪਛਾਣ ਨਾ ਹੋਣ ਦੀ ਸਥਿਤੀ ਦੀ ਅਰਥਾਂ ਨੂੰ ਗ਼ੈਰ-ਹਾਜ਼ਰ ਰੱਖਦੀ ਹੈ। ਇਹ ਗ਼ੈਰ ਹਾਜ਼ਰੀ ਸ਼ਾਇਰ ਦੀ ਸ਼ਾਇਰੀ 'ਚੋਂ ਪਲ-ਪਲ ਉਭਰਦੀ ਹੈ:

ਮੈਂ
ਜਦੋਂ ਪਹਿਲੀ ਵਾਰ
ਸਮੁੰਦਰ ਉਛਾਲਿਆ
ਤਾਂ ਮੱਛੀਆਂ ਨੂੰ
ਜੀਵਨ ਦੇ ਅਰਥ ਸਮਝ ਆਏ
ਦੂਜੀ ਵਾਰ ਸਮੁੰਦਰ ਰਿੜਕਿਆ
ਤਾਂ ਮੱਛੀਆਂ ਨੂੰ
ਆਪਣੇ ਜਿਸਮ 'ਚੋਂ
ਮੌਤ ਦੀ ਬੋ ਆਈ
ਤੀਜੀ ਵਾਰ
ਜਦ ਸਮੁੰਦਰ ਹਵਾ ਦੇ ਬੁੱਲੇ 'ਚ
ਬਦਲਿਆ
ਤਾਂ ਧਰਤੀ ਤੇ ਵੱਸਦੀ
ਜੀਵਨ ਨਦੀ ਦੇ ਕੰਢੇ
ਆਦਮ ਹਵਾ ਨਸਲ ਦੀਆਂ
ਲਾਸ਼ਾਂ

ਜ਼ਰਿਆ ਵਾਂਗ ਪਈਆਂ ਸਨ
ਤੇ ਹਵਾ 'ਚੋਂ ਸਿੰਮਿਆ ਲਹੂ

ਚੇਤੰਨ ਭੁੱਖ ਦੇ ਅਰਥਾਂ ਦਾ
ਗਿਆਨ ਹੋਵੇ
ਤੇ ਉਹ ਸਮਝ ਸਕੇ
ਵਿਗਿਆਨ ਪ੍ਰਕਿਆ
ਲਹੂ ਮਾਸ ਤੋਂ
ਅਰਥ ਪਲਾਸਟਿਕ ਮਨੁੱਖ ਤੱਕ ਦੀ
ਕਣਕ ਖੁੰਬਾਂ ਤੇ ਆਡਿਆਂ ਤੋਂ
ਅੰਨ ਪੂਰਨਾ ਗੋਲੀ ਤੱਕ ਦੀ ।

''ਮੈ
ਖਿੰਡ ਗਿਆਂ ਹਾਂ ਸਮੇਂ 'ਚ
ਮੇਰੀ ਹਸਤੀ ਦਾ ਸੂਰਜ
ਭੁਰ ਗਿਆ ਹੈ
ਮੁੱਢ 'ਚੋਂ ਸਿਰ ਤਕ ਹਰਾ ਸੀ
ਬਾਹਰ ਤੋਂ ਅੰਦਰ ਤਕ
ਸੁੱਕ ਗਿਆ ਹੈ...
ਮੈਂ ਖਿੰਡ ਗਿਆ ਹਾਂ
ਆਪਣੀ ਵਾਸਤਵਿਕਤਾ
ਤੇ ਮਾਨਸਿਕਤਾ ਵਿਚਕਾਰ
ਉਮਰ ਦੀ ਲਾਂ ਤੋਂ ਲਟਕ ਰਿਹਾ ਹੈ।
ਮੇਰਾ ਪੁਰਜਈ ਜਿਸਮ
ਸੂਰਜ ਦੀ ਅੱਖ 'ਚ
ਹਵਾ ਸੰਗ ਖੜਕ ਰਿਹਾ ਹੈ
ਮੇਰੀ ਆਤਮਾ ਦਾ ਤੱਤ।
ਜਿਮੀਂ 'ਤੇ
ਤੁਪਕਾ ਰੂਪ 'ਚ ਪਏ ਹਨ
ਜਿਸਮ ਚੋਂ ਨੁੱਚੜੇ ਨਕਸ਼
ਸ਼ੀਸ਼ਾ ਵੀ ਹੈ ਤੇ ਮੈਂ ਵੀ ਹਾਂ

ਪਰ ਗੁੰਮ ਹੈ
ਦੋਹਾਂ ਦੇ ਹੀ ਦੋਹਾਂ ਦਾ ਆਕਾਸ਼।

ਸ਼ਾਇਰ ਨੇ ਆਪਣੇ ਕਾਵਿ-ਸੰਗ੍ਰਹਿ ਵਿਚ ਮਨੁੱਖੀ ਸਰੋਕਾਰਾਂ ਦੇ ਨਾਲ-ਨਾਲ ਪੌਣ-ਪਾਣੀ, ਫ਼ਲ-ਫੁੱਲ, ਰੁੱਖ-ਬੂਟੇ, ਦਰਿਆ-ਪਰਬਤ, ਚੰਨ, ਤਾਰੇ ਆਦਿ ਪ੍ਰਕਿਰਤਕ ਨਜ਼ਾਰਿਆਂ ਨੂੰ ਬਿੰਬਤ ਹੀ ਨਹੀਂ ਕੀਤਾ ਸਗੋਂ ਚਿਹਨੀ ਰੂਪ ਵਿਚ ਇਨ੍ਹਾਂ ਨੂੰ ਮਨੁੱਖੀ ਸਥਿਤੀਆਂ/ਪ੍ਰਸਿਥਤੀਆਂ ਨਾਲ ਵੀ ਸੰਬੰਧਿਤ ਕੀਤਾ ਹੈ। ਇਸੇ ਲਈ ਇਸ ਕਾਵਿ-ਪੁਸਤਕ ਦੀ ਭੂਮਿਕਾ ਵਿਚ ਅਜਾਇਬ ਕਮਲ ਨੇ ਇਸ ਨੂੰ 'ਥਾਲੀ 'ਚ ਉੱਗੇ ਜੰਗਲ ਦੀ ਕਵਿਤਾ' ਕਹਿ ਕੇ ਵਡਿਆਇਆ ਹੈ। ਡਾ. ਕੁਲਬੀਰ ਸਿੰਘ ਕਾਂਗ ਨੇ ਉਸ ਦੇ ਕਾਵਿ-ਵਿਵੇਕ ਨੂੰ 'ਆਤਮ ਬੋਧ ਤੋਂ ਮਾਨਵੀ ਅਸਤਿੱਤਵ ਵੱਲੋਂ ਵੱਧਦੇ ਕਦਮ' ਕਿਹਾ ਹੈ। ਡਾ. ਦਵਿੰਦਰ ਕੌਰ ਨੇ ਉਸ ਨੂੰ 'ਸਿਰਜਣਾ ਤੇ ਬੋਧ ਦਾ ਸੁਮੇਲ' ਕਿਹਾ ਹੈ। ਦਰਅਸਲ ਚਰਨ ਕਾਵਿ ਪ੍ਰਤੀਕਾਤਮਕ ਰੂਪ ਵਿਚ ਮਾਨਵੀ ਕਿਰਦਾਰ 'ਤੇ ਕਟਾਖ਼ਸ਼ ਕਰਦਾ ਹੋਇਆ ਮਨੁੱਖਤਾ ਦੇ ਯਥਾਰਥ ਤੀਕ ਪਹੁੰਚਣ ਦਾ ਉਪਰਾਲਾ ਵੀ ਕਰਦਾ ਨਜ਼ਰ ਆਉਂਦਾ ਹੈ। ਇਹੀ ਉਸ ਦੀ ਸਮੁੱਚੀ ਸ਼ਾਇਰੀ ਦਾ ਪੈਰਾਡਾਈਮ ਹੈ, ਜੋ ਸਵੈ ਤੋਂ ਅਗਾਂਹ ਜਾ ਕੇ ਦੂਜਿਆਂ (others) ਨਾਲ ਸਰੋਕਾਰਿਤ ਹੁੰਦੀ ਕਹੀ ਜਾ ਸਕਦੀ ਹੈ:

''ਇਹ ਚਿਹਰਾ ਹੀ
ਪ੍ਰਕਿਰਤੀ, ਦ੍ਰਿਸ਼ਟੀ ਤੋਂ ਸਰਿਸ਼ਟੀ ਹੈ
ਨਜ਼ਰ ਨੂੰ ਸੋਗ ਦੀ ਲਾਂ ਤੇ ਨਾ ਟੰਗੇ
ਖੁਦ ਸਿਰਜੇ ਹਨੇਰੇ ਨੂੰ
ਤੈਰ ਉਸ ਪਾਰ ਜਾਣਾ ਹੈ
ਦਰ ਖੋਲ੍ਹੋ ਕਦਮ ਪੁੱਟੋ
ਨਜ਼ਰ ਸੰਗ ਰੌਸ਼ਨੀ ਮੰਗੋ।[7]

''ਜੀਵਨ ਹੈ ਅਜੀਵਨ
ਜੋ ਸਾਹਾਂ ਤੋਂ ਪਾਣੀ ਦੇ ਕਤਰੇ ਤੱਕ
ਤਾਂ ਸਮੁੰਦਰ ਦੀ ਬੁੱਕਲ 'ਚ
ਪਿਆਸੀ ਧਰਤ ਦੀ
ਇਬਾਦਤ ਨਾ ਦੁਹਰਾਓ
ਕਰ ਸਕੋ
ਤਾਂ ਸ਼ਬਦਾਂ ਦੇ ਖੁਸ਼ਕ ਸਹਿਰਾ ਦੇ

ਸਭ ਅਰਥ ਬਹਾਰ ਕਰੋ।''[8]

''ਉਸ ਰੁੱਖ ਨੇ ਜੋ ਧੁੱਪ
ਆਪਣੇ ਜੁੱਸੇ 'ਤੇ ਝੱਲੀ
ਛਾਂ ਕੀ ਜਾਣੇ
ਛਾਂ ਤਾਂ ਉਸਦੇ ਸਿਰ ਚੋਂ
ਉਮਰ ਵਾਂਗ ਕਿਰਦੀ ਰਹੀ ।[9]

ਚਰਨ ਸਿੰਘ ਦਾ ਕਾਵਿ-ਪ੍ਰਵਚਨ ਮਾਨਵਤਾ ਦੀ ਹੋਂਦ ਤੇ ਅਸਤਿੱਤਵ ਦੀ ਗੱਲ ਕਰਦਾ ਹੋਇਆ ਕਾਵਿ-ਸੰਗ੍ਰਹਿ ਦੇ ਆਖਰੀ ਪੜਾਅ 'ਤੇ ਸ਼ਾਇਰ ਦੇ ਮਨ ਵਿਚ ਪੰਜਾਬ ਜਾਗਦਾ ਹੈ। ਜਨਮ ਭੂਮੀ ਤੋਂ ਦੂਰ ਵੱਸਦੇ ਹਰ ਪੰਜਾਬੀ ਦੀਆਂ ਸਿਮਰਤੀਆਂ 'ਚ ਪੰਜਾਬ ਜਿਊਂਦਾ ਹੈ। ਪੰਜਾਬ ਦੀ ਧਰਤੀ 'ਤੇ ਹੋਏ ''ਘੱਲੂਘਾਰਿਆਂ ਦੇ ਦੁਖਾਂਤ ਨੂੰ ਚਿਤਵਦਾ ਹੈ। ਪੰਜਾਬ ਲਈ ਸ਼ਾਇਰ ਅਰਦਾਸ ਕਰਦਾ ਹੋਇਆ ਇਸ ਦੀ ਸੁੱਖ ਮੰਗਦਾ ਹੈ। ਅਜਿਹੀ ਸੁਚੇਤ ਕਾਵਿਕਾਰੀ ਰਾਹੀਂ ਉਹ ਇਸ ਗੱਲ ਦੀ ਤਸਵੀਰਕਸ਼ੀ ਕਰਦਾ ਹੈ ਕਿ ਅੱਜ ਦਾ ਮਨੁੱਖ, ਮਨੁੱਖ ਲਈ ਹੀ ਘਾਤਕ ਹੈ ਤੇ ਵਿਡੰਬਨਾ ਇਹ ਹੈ ਕਿ ਅਜੋਕਾ ਮਨੁੱਖ, ਮਨੁੱਖ ਲਈ ਹੀ ਖੜਾ ਨਹੀਂ ਹੋ ਰਿਹਾ।

ਸ਼ਾਇਰ ਦਾ ਕਾਵਿ-ਵਿਵੇਕ ਇਸ ਗੱਲ ਨੂੰ ਤਵੱਜੋ ਦਿੰਦਾ ਹੈ ਕਿ ਹਰ ਰਹਿਤਲ ਵਿਸ਼ੇਸ਼ ਦੇ ਮਸਲੇ ਉਸੇ ਰਹਿਤਲ ਦੇ ਹੀ ਕਿਉਂ ਹੋਣ? ਸੱਤਾਧਾਰੀਆਂ ਦੁਆਰਾ ਉਸਾਰੀਆਂ ਗਈਆਂ ਇਹ ਸਾਮਰਾਜੀ ਦੀਵਾਰਾਂ ਤੋਂ ਉਹ ਜਾਣੂ ਵੀ ਕਰਵਾਉਂਦਾ ਹੈ ਕਿ ਸਾਰੀਆਂ ਸੀਮਾਵਾਂ ਤੋਂ ਮੁਕਤ ਹੋ ਕੇ ਹੀ ਅਸੀਂ ਹੀ **''ਮਾਨਸ ਕੀ ਜਾਤ ਸਭੈ ਏਕੇ ਪਹਿਚਾਣਬੋਂ''** ਦਾ ਮਾਡਲ ਸਿਰਜ ਕੇ ਗਲੋਬਲੀ ਪਿੰਡ ਨੂੰ ਉਸ ਦੇ ਸਾਰਥਕ ਅਰਥ ਦੇ ਸਕਣ ਦਾ ਯਤਨ ਕਰ ਸਕਦੇ ਹਾਂ ਜਿਵੇ :

''ਇੱਕਤੀ ਰਾਗਾਂ ਦੀ ਇਹ ਗੰਗਾ
ਸਰੱਬਤ ਭਲੇ ਵਿਚ ਵਗੇ
ਜਿਸ ਦੀ ਛੋਹ ਤੋਂ ਕਾਲੇ ਕਾਊਏ
ਹੰਸ ਗਏ ਹੋ ਬੱਗੇ
ਅੱਜ ਉਹ ਅੰਮ੍ਰਿਤ-ਜਲ-ਸਰੋਵਰ
ਲੋਕ-ਲਹੂ ਨਾਲ ਭਰ ਗਿਆ ਹੈ।[10]

''ਪੰਜਾਬ, ਪੰਜਾਬੀ ਤੇ
ਪੰਜਾਬੀਅਤ ਦੇ ਨਾਂਅ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ ਵਿਖੇ
ਹੋਏ ਹਮਲੇ ਦੇ
ਸੰਦਰਭ ਵਿਚ ਲਿਖੇ
ਲਹੂ 'ਚ ਭਿੱਜੇ ਬੋਲ ।''[11]

ਇਸ ਪ੍ਰਕਾਰ ਚਰਨ ਸਿੰਘ ਦਾ ਕਾਵਿ-ਸੰਗ੍ਰਹਿ 'ਸ਼ੂਨਯ ਬੋਧ' ਅਤਿ ਵਿਕਸਤ ਪੂੰਜੀਵਾਦੀ ਮਾਹੌਲ ਵਿਚ ਗਰਕ ਹੁੰਦੀ ਜਾ ਰਹੀ ਮਾਨਵਤਾ ਦਾ ਪ੍ਰਵਚਨ ਸਿਰਜਣ ਦਾ ਆਹਰ ਕਰਦਾ ਹੈ। ਜਿਉਂ-ਜਿਉਂ ਉਹ ਆਪਣੀ ਕਾਵਿਕਾਰੀ 'ਚ ਅੱਗੇ ਵੱਧਦਾ ਹੈ, ਤਿਉਂ-ਤਿਉਂ ਬੋਧਿਕ ਸੰਵਾਦ ਦੀ ਸਪੇਸ ਪੈਦਾ ਹੁੰਦੀ ਜਾਂਦੀ ਹੈ। ਉਸ ਦੀ ਕਾਵਿਕ ਚੇਤਨਾ ਹਰ ਤਰ੍ਹਾਂ ਦੇ ਨਾਅਰਿਆਂ ਸ਼ਬਦਾਂ ਦੇ ਮਹਿਮਾ ਮੰਡਲ ਨੂੰ ਤਿਆਗ ਕੇ ਮਾਨਵੀ ਦ੍ਰਿਸ਼ਟੀ ਤੋਂ ਸਮਕਾਲੀ ਵਿਸ਼ਵੀ ਮਨੁੱਖ ਦੀਆਂ ਵਿਸੰਗਤੀਆਂ ਨੂੰ ਉਭਾਰਦਾ ਹੋਇਆ ਸਹਿਜੇ ਹੀ ਆਪਣੀ ਪ੍ਰੋਢ ਸਿਰਜਾਣਤਮਕਤਾ ਦਾ ਸਬੂਤ ਦਿੰਦਾ ਨਜ਼ਰ ਆਉਂਦਾ ਹੈ।

## ਹਵਾਲੇ ਤੇ ਟਿੱਪਣੀਆਂ


1. ਚਰਨ ਸਿੰਘ 'ਸ਼ੂਨਯ ਬੋਧ' ਪੰਨਾ 31
2. ਉਹੀ ਪੰਨਾ 31
3. ਉਹੀ ਪੰਨਾ 43
4. ਉਹੀ ਪੰਨਾ 42
5. ਉਹੀ ਪੰਨਾ 45
6. ਉਹੀ ਪੰਨਾ 54
7. ਉਹੀ ਪੰਨਾ 88
8. ਉਹੀ ਪੰਨਾ 96
9. ਉਹੀ ਪੰਨਾ 136
10. ਉਹੀ ਪੰਨਾ 124
11. ਉਹੀ ਪੰਨਾ 121



**ਡਾ. ਮੁਨੀਸ਼ ਕੁਮਾਰ**
**ਅਸਿਸਟੈਂਟ ਪ੍ਰੋਫ਼ੈਸਰ**
**ਦੇਸ਼ ਬੰਧੂ ਕਾਲਜ, ਦਿੱਲੀ**

# ਚਰਨ ਸਿੰਘ ਦੀਆਂ ਕਵਿਤਾਵਾਂ

## ਪੁਲ

ਪਿੰਡ ਤੇ ਨਗਰੀ ਵਿਚਾਲੇ ਪੁਲ ਹੈ
ਪਿੰਡ ਤੋਂ ਨਗਰੀ
ਨਗਰੀ ਤੋਂ ਪਿੰਡ ਨੂੰ ਆਉਣ ਜਾਣ ਲਈ
ਇਕ ਦੂਜੇ ਨੂੰ ਮਿਲਣ ਲਈ
ਇਕ ਦੂਜੇ 'ਚ ਸਮਾਉਣ ਲਈ

ਪਿੰਡ ਆਪਣੇ ਦਿਹਾੜੀ
ਕਿਰਦਾਰ ਤੇ ਸੁਭਾਅ ਦੀ
ਪਰਤ-ਦਰ-ਪਰਤ
ਨਗਰੀ ਸਾਵੇਂ ਖੋਲ੍ਹਦਾ ਹੈ
ਪਿੰਡ ਦਾ ਭੋਲਾਪਣ ਤੇ ਸੱਚ ਬੋਲਦਾ ਹੈ
ਪਿੰਡ ਨਗਰੀ ਦੀ ਆਰਤੀ ਉਤਾਰਦਾ ਹੈ
ਸਿਮਰਦਾ ਧਿਆਉਂਦਾ ਹੈ
ਨਗਰੀ ਦੀ ਖੂਬਸੂਰਤੀ ਦੇਹ 'ਚ ਉਤਾਰਦਾ ਹੈ
ਤੇ ਨੈਣ ਢੋਅ ਲੈਂਦਾ ਹੈ

ਨਗਰੀ ਪਿੰਡ ਦੇ ਪਿੰਡੇ 'ਚ ਵਸਦੀ
ਅੱਥਰੀ ਹਵਾ ਦੇ ਬੁੱਲ੍ਹੇ ਸਹਾਰਦੀ ਹੈ
ਪਿੰਡ ਦੀ ਜੰਗਲੀ ਬਾਰਸ਼
ਜੰਗਲੀ ਝਾੜੀਆਂ 'ਚ
ਪਿੰਡ ਦਾ ਵਸੇਰਾ ਹੈ
ਜੰਗਲੀ ਲੋਕਾਂ ਦਾ ਪਿੰਡ 'ਚ ਡੇਰਾ ਹੈ
ਰਾਤ ਦੇ ਹਨ੍ਹੇਰੇ ਜਿਹਾ
ਦਿਨ ਹਨ੍ਹੇਰਾ ਹੈ
ਆਪਣੇ ਸੋਹਲ ਪਿੰਡੇ ਤੇ ਉਤਾਰਦੀ ਹੈ
ਪਿੰਡ ਦਾ ਸੜਦਾ ਸੂਰਜ
ਚਿਹਰੇ ਤੇ ਸਹਾਰਦੀ ਹੈ

ਪਿੰਡ ਦੇ ਕੱਚਿਆਂ ਘਰਾਂ ਦੇ ਹੁੰਮਸ 'ਚ
ਦਿਨ ਗੁਜ਼ਾਰਦੀ ਹੈ
ਪਿੰਡ ਦਾ ਅਸਭਿਅਕ ਜੀਵਨ
ਜਿਉਂਦੀ ਹੈ
ਪਿੰਡ ਦੀ ਉੱਡਦੀ ਧੂੜ 'ਚ
ਦਿਨ ਗੁਜ਼ਾਰਦੀ ਹੈ
ਪਿੰਡ ਦਾ ਅਸਭਿਅਕ ਜੀਵਨ
ਜਿਉਂਦੀ ਹੈ
ਪਿੰਡ ਦੀ ਉੱਡਦੀ ਧੂੜ 'ਚ
ਆਪਣੇ ਸਾਹ ਲਬੇੜਦੀ ਹੈ

ਨਗਰੀ ਕੁੱਝ ਦਿਨ ਪਿੰਡ 'ਚ ਰਹਿ ਕੇ
ਪਿੰਡ ਤਿਆਗਦੀ ਹੈ
ਤੇ ਵਾਪਿਸ ਆਪਣੀ ਪਾਲਕੀ
ਨਗਰੀ 'ਚ ਉਤਾਰਦੀ ਹੈ

ਨਗਰੀ ਨੇ ਪਿੰਡ ਨੂੰ
ਆਪਣੇ ਹਰਮ 'ਚ ਬੁਲਾਇਆ ਹੈ
ਪਿੰਡ ਦੀ ਹਾਲਤ ਦਾ ਨਕਸ਼ਾ
ਪਿੰਡ ਨੂੰ ਵਿਖਾਇਆ ਹੈ
ਅਸਭਿਅਕ ਲੋਕ ਅਸਭਿਅਕ ਭਾਸ਼ਾ
ਜੰਗਲੀ ਰਾਜ ਹੈ
ਗਰਮੀ 'ਚ ਉੱਬਲਦੇ
ਆਲ੍ਹਣਿਆਂ 'ਚ ਬੋਟ
ਬਰਸਾਤਾਂ 'ਚ ਚੋਂਦੀਆਂ ਛੱਤਾਂ

ਤੇ ਡਿੱਗਦੀਆਂ ਕੰਧਾਂ
ਮੈਲਾ ਅੰਬਰ ਹੈ ਬਲਦਾ ਸੂਰਜ ਹੈ
ਇਹ ਪਿੰਡ ਜੋ ਤੇਰਾ ਹੈ

ਮੈਂ ਨਵੀਂ ਜ਼ਿੰਦਗੀ ਹਾਂ
ਨਵੀਂ ਕਰੂੰਬਲ ਹਾਂ
ਕੁਦਰਤ ਦੀਆਂ ਕਰੋਪੀਆਂ ਤੋਂ ਦੂਰ ਹਾਂ
ਮੇਰਾ ਜੀਵਨ ਸੌਖਾ ਹੈ
ਮੈਂ ਸੋਹਲ ਸਰੀਰ ਹਾਂ
ਮੈਂ ਤੇਰੇ ਪਿੰਡ 'ਚ ਰਹਿ ਨਹੀਂ ਸਕਦੀ
ਉਸ ਮਾਹੌਲ 'ਚ ਰਹਿ ਨਹੀਂ ਸਕਦੀ
ਛੱਡ ਕੇ ਸੁੱਖ ਸ਼ਾਂਤੀ ਤੇ ਖੁਸ਼ੀਆਂ ਨਗਰੀ ਦੀਆਂ
ਤੇਰੇ ਪਿੰਡ ਦੀ ਕੁੜੱਤਣ ਪੀ ਨਹੀਂ ਸਕਦੀ

ਪਰ ਜੇ ਤੂੰ ਪਿੰਡ ਛੱਡ ਕੇ
ਮੇਰੀ ਨਗਰੀ 'ਚ ਰਹਿਣਾ ਚਾਹੁੰਦਾ ਹੈਂ
ਮੇਰੇ ਨਾਲ ਵੱਸਣਾ ਚਾਹੁੰਦਾ ਹੈਂ
ਮੇਰੇ ਨਾਲ ਖੇਡਣਾ ਤੇ ਹੱਸਣਾ ਚਾਹੁੰਦਾ ਹੈਂ
ਮੈਂ ਤੇਰੇ ਨਾਲ ਹਾਂ
ਤੂੰ ਮੇਰਾ ਮੌਸਮ ਹੈਂ
ਮੈਂ ਤੇਰੀ ਬਹਾਰ ਹਾਂ

ਤੂੰ ਮੇਰਾ ਪਹਿਨਣ ਹੈਂ
ਮੈਂ ਤੇਰਾ ਉਤਾਰ ਹਾਂ
ਤੂੰ ਮੇਰਾ ਚਿਹਰਾ ਹੈਂ ਮੈਂ ਤੇਰਾ ਦੀਦਾਰ ਹਾਂ
ਆਪਣੇ ਚੋਂ ਆਪਣਾ ਪਿੰਡ
ਲੋਕ ਸਭਿਆਚਾਰ ਤੇ ਜੰਗਲੀਪਣ
ਨਿਚੋੜ ਦੇ
ਆਪਣਾ ਰਿਸ਼ਤਾ
ਪਿੰਡ ਨਾਲੋਂ ਤੋੜ ਦੇ
ਮੈਂ ਸਦਾ ਲਈ ਤੇਰੀ ਹੋ ਜਾਵਾਂਗੀ
ਤੇਰੀਆਂ ਖੁਸ਼ੀਆਂ ਤੇਰਾ ਗ਼ਮ ਹੰਢਾਵਾਂਗੀ

ਪਿੰਡ ਦੀਆਂ ਅੱਖ੍ਹਾਂ 'ਚ ਲਹੂ ਦੇ
ਅੱਥਰੂ ਭਰ ਆਏ
ਪਿੰਡ ਦੇ ਭੋਲੇ ਭਾਲੇ ਲੋਕਾਂ ਦੇ ਚਿਹਰੇ
ਪਿੰਡ ਦੇ ਪਸ਼ੂ ਪਖਸ਼ੀ ਬੋਹੜ ਪਿੱਪਲ
ਖੂਹ ਖੂਹੀਆਂ ਤੇ ਖੇਤ
ਪਿੰਡ ਦੇ ਮੋਹ 'ਚ ਉਤਰ ਆਏ
ਪਿੰਡ ਦਾ ਅੰਬਰ ਚਾਨਣ ਬਣਕੇ
ਪਿੰਡ ਦੇ ਮੱਥੇ 'ਚ ਜਗਿਆ
ਪਿੰਡ ਨੂੰ ਆਪਣਾ ਸਰੀਰ
ਪਿੰਡ ਦੀ ਮਿੱਟੀ ਦਾ ਲਗਿਆ
ਪਿੰਡ ਦੀਆਂ ਕੱਚਿਆਂ ਘਰਾਂ ਕੋਠਿਆਂ
ਜਦ ਪਿੰਡ ਨੂੰ ਪੁਕਾਰਿਆ

ਪਿੰਡ ਨੇ ਨਗਰੀ ਦੇ ਹੁਸਨ
ਦਾ ਸ਼ੁਦਾਅ
ਆਪਣੇ ਸਿਰ ਤੋਂ ਉਤਾਰਿਆ
ਆਪਣਾ ਸੱਚ ਸ਼ੀਸ਼ੇ ਦੀ ਨਗਰੀ
'ਚ ਖਿਲਾਰਿਆ

ਨਗਰੀ ਨੂੰ ਸੰਬੋਧਿਆ
ਇਹ ਨਗਰੀ ਮੇਰੇ ਪਿੰਡ ਦੇ ਜਿਸਮ
'ਚੋਂ ਜਨਮੀ ਹੈ
ਇਸ ਦੀ ਜੜ੍ਹ ਸ਼ੀਸ਼ੇ ਦੀ ਨਗਰੀ 'ਚ ਸੁੱਕੀ ਹੈ
ਪਿੰਡ 'ਚ ਹਰੀ ਹੈ
ਇਸ ਦਾ ਵਜ਼ੂਦ ਪਿੰਡ ਦੀ ਮਿੱਟੀ ਦਾ
ਕਰਜਾਈ ਹੈ
ਇਸ ਦੀ ਭੁੱਖ ਤੇ ਪਿਆਸ ਮਿਟਾਉਣ

ਦੀ ਸਮੱਗਰੀ ਪਿੰਡ ਦੇ ਲਹੂ ਨੇ ਉਗਾਈ ਹੈ

ਨਗਰੀ ਦੀਆਂ ਅੱਖਾਂ 'ਚ
ਪਿੰਡ ਦੀ ਲੋਅ ਹੈ
ਨਗਰੀ ਦੀਆਂ ਰਗਾਂ 'ਚ
ਪਿੰਡ ਦਾ ਲਹੂ ਹੈ ਖੁਸ਼ਬੋ ਹੈ
ਇਸ ਦਾ ਸ਼ੀਸ਼ੇ ਦਾ ਜਿਸਮ
ਕੱਚਿਆਂ ਘਰਾਂ ਤੇ ਕੋਠੀਆਂ ਨੇ
ਘੜਿਆ ਹੈ
ਇਸ ਦੇ ਜਿਸਮ 'ਚ
ਪਿੰਡ ਦੇ ਸਾਹ ਹਨ
ਨਗਰੀ ਦੀਆਂ ਸੜਕਾਂ ਗਲੀਆਂ
ਤੇ ਚੌਕ ਇਸ ਗੱਲ ਦੇ ਗਵਾਹ ਹਨ
ਤੂੰ ਆਪਣੇ ਸੱਚ ਤੋਂ ਮੂੰਹ ਮੋੜ ਸਕਦੀ ਹੈ
ਮੈਂ ਆਪਣਾ ਸੱਚ ਝੁਠਲਾ ਨਹੀਂ ਸਕਦਾ
ਆਪਣੀ ਮਿੱਟੀ
ਆਪਣੀ ਧਰਤੀ ਆਪਣੇ ਲੋਕ ਭੁਲਾ ਨਹੀਂ ਸਕਦਾ

ਜੋ ਪੁੱਲ ਪਿੰਡ ਤੋਂ ਨਗਰੀ ਵੱਲ ਆਉਂਦਾ ਹੈ
ਉਹ ਨਗਰੀ ਤੋਂ ਪਿੰਡ ਵੱਲ ਹੀ ਜਾਂਦਾ ਹੈ
ਤੂੰ ਆਪਣਾ ਤੇ ਨਗਰੀ ਦਾ ਸੱਚ
ਜਿਸ ਦਿਨ ਸਮਝੇਗੀ ਹੰਢਾਵਾਂਗੀ
ਨਗਰੀ ਤਿਆਗ
ਇਸ ਪੁਲ ਤੋਂ ਪਿੰਡ ਵੱਲ ਆਵੇਂਗੀ
ਨਗਰੀ ਜਦ ਪੁਲ ਟੱਪ ਜਾਵੇਗੀ
ਪਿੰਡ ਦੀ ਦੇਹ ਚੋਂ
ਆਪਣਾ ਜਿਊਂਦਾ ਸੱਚ ਪਾਏਗੀ

## ਮੈਂ ਬੀਚ ਦਾ ਨਹੀਂ

ਮੈਂ ਬੀਚ ਦਾ ਨਹੀਂ
ਬੀਚ ਤੇ ਪਏ ਨੰਗੇ ਜਿਸਮਾਂ ਦਾ
ਕਾਇਲ ਹਾਂ
ਜੋ ਅੰਦਰ ਦੀ ਸੁਤੰਤਰਤਾ ਲਈ
ਆਪਣੇ ਖੋਲ
ਉਤਾਰ ਆਏ ਹਨ
ਅਰਥਾਂ ਚ ਵਿਚਰਨ ਲਈ
ਸ਼ਬਦਾਂ ਦੇ ਅਰਥ ਸਿਰਜਣ ਲਈ
ਦੇਹ ਸਾਗਰ ਕਰ ਪਾਰ ਆਏ ਹਨ

ਨੰਗੇ ਜਿਸਮ ਸੰਕੇਤ ਹਨ
ਖੁੱਲ੍ਹੇ ਦਰਵਾਜ਼ੇ
ਖਿੜਕੀਆਂ ਤੇ ਰੋਸ਼ਨਦਾਨਾਂ ਦੇ
ਖੁੱਲ੍ਹੀਆਂ ਧਰਤੀਆਂ
ਖੁੱਲ੍ਹਿਆ ਅਸਮਾਨਾਂ ਦੇ
ਅੰਦਰ ਆਓ ਪੁਕਾਰਦੇ ਹਨ
ਸਾਨੂੰ ਪਰਤ-ਦਰ-ਪਰਤ ਉਧੇੜ
ਸਾਡਾ ਸੱਚ ਸਮਝੋ ਤੇ ਪਰਤ ਜਾਓ
ਆਖਦੇ ਹਨ

ਸਾਡਾ ਅੰਦਰਲਾ ਸੱਚ
ਬਾਹਰਲਾ ਕੱਜਣ ਉਤਾਰ
ਨੈਤਿਕਤਾ ਦੀ ਸਰਦਲ ਟੱਪ
ਅਨੈਤਿਕਤਾ ਦੀ ਤਲੀ ਤੇ
ਸੂਰਜ ਵਾਂਗ ਜਾਗਦਾ ਹੈ
ਹਰ ਮੁਥਾਜੀ ਨੂੰ
ਸੁਤੰਤਰਤਾ ਦੀ ਸੂਲ ਟੰਗਦਾ ਹੈ

ਨੰਗੇ ਜਿਸਮ
ਭਾਸ਼ਾਨੁਮਾ ਅਰਥ

ਅਰਥਨੁਮਾ ਭਾਸ਼ਾ ਸਿਰਜਦੇ ਹਨ
ਨੰਗੇ ਜਨਮਦੇ ਹਨ
ਨੰਗੇ ਵਿਚਰਦੇ ਹਨ
ਨੰਗੇ ਜਿਸਮ ਜੋ ਬੀਚ ਤੇ ਪਏ ਹਨ
ਸਮਾਂ ਸਿਰਜਦੇ ਹਨ
ਇਨ੍ਹਾਂ ਜਿਸਮਾਂ 'ਚ ਉੱਤਰਦਾ ਹਾਂ
ਸ਼ਬਦ ਤੋਂ ਅਰਥ ਹੋ ਪਰਤਦਾ ਹਾਂ

ਮੈਂ ਬੀਚ ਦਾ ਨਹੀਂ
ਬੀਚ ਤੇ ਪਏ ਨੰਗੇ ਜਿਸਮਾਂ ਦਾ
ਕਾਇਲ ਹਾਂ
ਜੋ ਅੰਦਰ ਦੀ ਸੁਤੰਤਰਤਾ ਲਈ
ਆਪਣੇ ਖੋਲ ਉਤਾਰ ਆਏ ਹਨ
ਅਰਥਾਂ 'ਚ ਵਿਚਰਨ ਲਈ
ਸ਼ਬਦਾਂ ਦੇ ਅਰਥ ਸਿਰਜਣ ਲਈ
ਦੇਹ ਸਾਗਰ ਕਰ ਪਾਰ ਆਏ ਹਨ

## ਬਾਹਰੋਂ ਆਇਆ ਆਦਮੀ

ਦਸਤਕ ਦਿੱਤੀ
ਖੁੱਲ੍ਹੇ ਦਰ ਅੰਦਰ ਆਉਣ ਤੋਂ
ਇਨਕਾਰ ਕਰ ਦਿੱਤਾ
ਮੇਰੀ ਆਸ 'ਤੇ
ਹਨੇਰਾ ਅਕਾਸ਼ ਧਰ ਦਿੱਤਾ
ਭਟਕਣ ਦਾ ਆਗਾਜ਼ ਹੋਇਆ
ਇੱਕਲਤਾ ਦਾ ਅਹਿਸਾਸ ਹੋਇਆ

ਇਹ ਉਸ ਘਰ ਦਾ ਦਰਵਾਜ਼ਾ ਹੈ
ਜੋ ਮੈਂ ਪਦਾਰਥਕ ਵਿਕਾਸ ਚੋਂ
ਸਿਰਜਿਆ ਹੈ
ਜਿਸ 'ਚ ਮੇਰਾ ਸੱਚ
ਘਿਰਿਆ ਤੇ ਮੋਇਆ ਹੈ
ਜਿਸ 'ਚ ਮੇਰੀ ਸਿਰਜੀ
ਆਧੁਨਿਕ ਚੇਤਨਾ ਵੱਸਦੀ ਹੈ
ਮੈਨੂੰ ਆਪਣਾ ਸ਼ਰੀਕ ਦੱਸਦੀ ਹੈ

ਦੂਜਾ ਦਰ ਖੁੱਲ੍ਹਾ ਸੀ
ਅੰਦਰ ਮਿੱਟੀ ਦੇ ਲੋਕ
ਆਲੇ 'ਚ ਦੀਵਾ ਬਲ ਰਿਹਾ ਸੀ
ਦੀਵੇ ਦੀ ਲੋਅ 'ਚ
ਬੁੱਢਾ ਸਮਾਂ
ਜ਼ਿੰਦਗੀ ਬਿਲਾਸ ਪੜ ਰਿਹਾ ਸੀ
ਚੁੱਲ੍ਹੇ ਅੱਗੇ ਬੁੱਢੀ ਹਵਾ
ਸਰਵਨ ਕਰ ਰਹੀ ਸੀ
ਬਲ ਰਿਹਾ ਸੀ ਚੁੱਲ੍ਹਾ
ਆਪ ਠਰ ਰਹੀ ਸੀ

ਜ਼ਿੰਦਗੀ ਦਾ ਸੱਚ
ਘਰ 'ਚੋਂ ਨਜ਼ਰ ਆ ਰਿਹਾ ਸੀ
ਬੁੱਢੀ ਹਵਾ ਬੁੱਢਾ ਸਮਾਂ
ਆਪਣਾ ਆਪਣਾ ਸੂਤ ਕੱਤ
ਆਪਣੇ ਘਰੀਂ ਜਾ ਰਹੇ ਸੀ
ਵਰਤਮਾਨ
ਭੂਤ ਦੇ ਵਿੱਚ ਢਲ ਰਿਹਾ ਸੀ
ਚੁੱਲ੍ਹਾ ਅਜੇ ਵੀ ਬਲ ਰਿਹਾ ਸੀ
ਦੀਵਾ ਅਜੇ ਵੀ ਜਗ ਰਿਹਾ ਸੀ

ਤੀਜੇ ਦਰ ਦੀ ਬੈੱਲ ਕੀਤੀ
ਅੰਦਰ ਸੀਮਿੰਟ ਸਰੀਏ ਪੱਥਰ
ਸ਼ੀਸ਼ੇ ਦੇ ਲੋਕ ਸਨ
ਜਿਨ੍ਹਾਂ ਦੇ ਸਿਰ ਬਿਜਲੀ ਦੇ
ਪਲਾਸਟਿਕ ਦੇ ਧੜ ਸਨ

ਜਿਨਾਂ ਦੀ ਜੀਵਨ ਸਮੱਗਰੀ
ਆਕਾਸ਼ ਤੋਂ ਉੱਚੇਰੀ ਸੀ
ਪਰ ਉਨ੍ਹਾਂ ਦੀ ਆਪਣੀ ਜ਼ਿੰਦਗੀ
ਇੱਕ ਮਿੱਟੀ ਦੀ ਢੇਰੀ ਸੀ

ਆਦਮੀਅਤ ਦੀ ਮਹਿਕ
ਜਿਨ੍ਹਾਂ ਤੋਂ ਕੋਹਾਂ ਦੂਰ ਸੀ
ਲਹੂ 'ਚ ਕੰਧਾਂ ਦਿਲ 'ਚ ਲਾਲਚ
ਅੱਖੀਆਂ 'ਚ ਗਰੂਰ ਸੀ
ਕਾਠ ਦਾ ਕਬੂਤਰ
ਬਨੇਰੇ ਤੇ ਪੈਲ ਪਾਉਂਦਾ ਸੀ
ਕੱਚ ਦਾ ਮੋਰ
ਵਿਹੜੇ 'ਚ ਨੱਚਦਾ ਨਜ਼ਰ ਆਉਂਦਾ ਸੀ
ਵਰਤਮਾਨ
ਜੋ ਭੂਤ 'ਚ ਢਲਿਆ ਸੀ
ਇਸ ਘਰ ਦੀ ਛੱਤੇ
ਸੂਰਜ ਬਣ ਕੇ ਚੜ੍ਹਿਆ ਸੀ

ਪਹਿਲਾਂ ਜੀਵਨ ਦਰ
ਮੈਨੂੰ ਆਪਣੇ 'ਚੋਂ ਮਨਫ਼ੀ ਕਰ ਗਿਆ
ਮੇਰੀ ਤਲੀ 'ਤੇ
ਜਿਊਣ ਦਾ ਸੰਤਾਪ ਧਰ ਗਿਆ
ਦੂਜਾ
ਮੇਰਾ ਇਤਿਹਾਸ ਬਣ ਕੇ ਰਹਿ ਗਿਆ
ਤੀਜਾ ਜੋ ਵਰਤਮਾਨ ਬਣ ਕੇ ਉੱਗਿਆ ਸੀ
ਆਦਮ ਵਿੱਚਲਾ
ਆਦਮ ਖਾਹ ਗਿਆ

ਮੈਂ ਅਜੋਕਾ ਮਨੁੱਖ ਹਾਂ
ਬੀਜ ਚੋ ਵਿਚਰਦਾ
ਜਿਊਂਦਾ ਚਾਹੁੰਦਾ ਰੁੱਖ ਹਾਂ
ਪੈਰ ਹਨ ਰਾਹ ਕੋਈ ਨਹੀਂ
ਜੀਭ ਹੈ ਸ਼ਬਦ ਅਰਥ ਕੋਈ ਨਹੀਂ
ਲਹੂ ਮਾਸ ਦਾ ਪੁਤਲਾ ਹਾਂ ਮੈਂ
ਪੈਰਾਂ 'ਚ ਧਰਤ
ਸਿਰ ਤੇ ਅੰਬਰ ਕੋਈ ਨਹੀਂ
ਭੀੜ ਹੈ ਮੇਰੇ ਦੁਆਲੇ
ਆਦਮੀ ਕੋਈ ਨਹੀਂ

ਸ਼ੀਸ਼ੇ ਦਾ ਜੰਗਲ
ਨਜ਼ਰ ਵਿੱਚ ਫੈਲਿਆ ਹੈ
ਸ਼ੀਸ਼ੇ ਦੇ ਜੰਗਲ ਦੀ
ਕਦੇ ਛਾਂ ਹੁੰਦੀ ਹੈ
ਸ਼ੀਸ਼ੇ ਦੇ ਰੁੱਖਾਂ 'ਚ
ਕਦੇ ਕੋਈ ਬਾਪ ਹੁੰਦਾ ਹੈ
ਕਦ ਕੋਈ ਮਾਂ ਹੁੰਦੀ ਹੈ
ਸ਼ੀਸ਼ੇ ਦੇ ਰੁੱਖਾਂ ਨੂੰ
ਕੱਦ ਫਲ ਲੱਗਦੇ ਹਨ
ਸ਼ੀਸ਼ੇ ਦੇ ਰੁੱਖਾਂ ਤੇ ਪੰਛੀ
ਕਦ ਆਲਣੇ ਲਈ ਕੱਖ ਧਰਦੇ ਹਨ

ਆਦਮੀ ਪੈਰ ਪੁੱਟੇ
ਤਾਂ ਕਿਸ ਦਿਸ਼ਾ ਵਿਚ
ਸਾਹ ਲਵੇ ਤਾਂ ਕਿਸ ਹਵਾ ਵਿਚ
ਆਦਮੀ ਆਪਣੇ ਤੋਂ
ਆਪਣੇ ਤਕ ਦਾ ਹੀ ਸਫ਼ਰ ਕਰਦਾ ਹੈ
ਆਪਣੀ ਭਟਕਣ 'ਚ ਜਿਊਂਦਾ ਹੈ
ਆਪਣੀ ਭਕਟਣ 'ਚ ਮਰਦਾ ਹੈ

**ਚਰਨ ਸਿੰਘ**
**ਕੈਨੇਡਾ**

ਹਾਜ਼ਰ-ਗ਼ੈਰਹਾਜ਼ਰ

# ਰੰਗ, ਰੇਖਾਵਾਂ ਅਤੇ ਸ਼ਬਦਾਂ ਦੀ ਤ੍ਰਿਵੈਣੀ
# ਸੋਹਨ ਕਾਦਰੀ

ਡਾ. ਲਖਵਿੰਦਰ ਸਿੰਘ ਜੌਹਲ





ਸੋਹਨ ਕਾਦਰੀ ਜਗਤ-ਪ੍ਰਸਿੱਧ ਲੇਖਕ ਅਤੇ ਬਹੁ-ਪੁਰਸਕ੍ਰਿਤ ਚਿਤਰਕਾਰ ਵੀ ਹੈ। ਉਹ ਕੋਪਨਹੇਗਨ ਨਗਰ ਵਿਚ ਯੰਤਰ-ਯੋਗ ਦਾ ਸਿੱਖਿਅਕ ਵੀ ਰਿਹਾ ਤੇ ਕਾਵਿ ਦੀ ਸਿਰਜਣਾ ਵੀ ਕਰਦਾ ਰਿਹਾ। ਉਸ ਦੀ ਕਾਵਿ-ਸਾਧਨਾ ਨਾਲ ਉਸ ਦੀ ਚਿਤੇਰਿਕ ਅਨੁਭੂਤੀ ਤੇ ਯੋਗ-ਸ਼ਾਸਤਰੀ ਦ੍ਰਿਸ਼ਟੀ ਰਲ ਕੇ ਇਕ ਵਿਚਿੱਤਰ ਕਲਾਤਮਕ-ਰਹੱਸਾਤਮਕ ਸੂਤਿਰਕ ਰਚਨਾ ਦਾ ਸਿਰਜਨ ਕਰਦੀਆਂ ਜਾਪਦੀਆਂ ਹਨ। ਇਸ ਕਾਲਮ ਵਿੱਚ ਡਾ. ਲਖਵਿੰਦਰ ਜੌਹਲ ਨੇ ਸੋਹਨ ਕਾਦਰੀ ਦੇ ਜੀਵਨ ਤੇ ਰਚਨਾਵਾਂ ਬਾਰੇ ਡੂੰਘੀ ਨੀਝ ਨਾਲ ਅਧਿਅਨ ਕੀਤਾ ਹੈ

ਸੋਹਨ ਕਾਦਰੀ ਦਾ ਨਾਮ ਉਨ੍ਹਾਂ ਚੋਣਵੇਂ ਪੰਜਾਬੀ ਚਿਤਰਕਾਰਾਂ ਵਿੱਚ ਸ਼ਾਮਿਲ ਹੈ, ਜਿਨ੍ਹਾਂ ਨੇ ਦੁਨੀਆਂ ਭਰ ਵਿੱਚ ਆਪਣੀ ਵਿਲੱਖਣ ਪਛਾਣ ਬਣਾਈ ਅਤੇ ਭਾਰਤੀ ਦਰਸ਼ਨ ਧਾਰਾ ਦੀਆਂ ਰਹਿਤਲਾਂ ਦੇ ਨਾਲ ਨਾਲ ਪੰਜਾਬੀਅਤ ਦੇ ਗਹਿਰੇ ਰਹੱਸਾਂ ਨੂੰ ਵੀ ਆਪਣੀ ਸਖ਼ਸ਼ੀਅਤ ਅਤੇ ਕਲਾ ਕ੍ਰਿਤਾਂ ਅਤੇ ਕਵਿਤਾਵਾਂ ਰਾਹੀਂ ਸਵੈ-ਅਭਿਵਿਅਕਤ ਕਰਨ ਦੀ ਜੋ ਮੁਹਾਰਤ ਸੋਹਨ ਕਾਦਰੀ ਨੂੰ ਹਾਸਿਲ ਸੀ ਉਹ ਇਕ ਚਮਤਕਾਰੀ ਰਹੱਸ ਵਾਂਗੂ ਹੈ।

ਫਗਵਾੜੇ ਲਾਗਲੇ ਪਿੰਡ ਚਾਚੋਕੀ ਦੇ ਕਿਸਾਨ ਪਰਿਵਾਰ (ਬੜਿੰਗ) ਵਿੱਚ 2 ਨਵੰਬਰ 1932 ਨੂੰ ਜੰਮਿਆ ਕਾਦਰੀ, 78 ਸਾਲ ਦੀ ਉਮਰ ਵਿੱਚ 1 ਮਾਰਚ 2011 ਨੂੰ ਟਰਾਂਟੋ ਵਿਖੇ ਸਾਡੇ ਤੋਂ ਵਿੱਛੜ ਗਿਆ, ਇਹ ਵੀ ਇੱਕ ਚਮਤਕਾਰ ਹੈ ਕਿ ਉਸਨੇ ਆਪਣੀ ਜਿੰਦਗੀ ਦੇ ਲਗਭਗ 50 ਸਾਲ ਇਕੋ ਗੁਰਦੇ ਦੇ ਸਹਾਰੇ ਜੀਵੇ। ਇਸਦਾ ਪਤਾ ਹੋਣ ਦੇ ਬਾਵਜੂਦ ਉਸਨੇ ਆਪਣੇ ਹੌਂਸਲੇ ਬੁਲੰਦ ਰੱਖੇ ਅਤੇ ਕਲਾ ਸਾਧਨਾ ਵਿੱਚ ਜੁਟਿਆ ਰਿਹਾ। ਸ਼ਿਮਲੇ ਦੇ ਆਰਟ ਕਾਲਜ ਤੋਂ ਪੜ੍ਹਾਈ ਕਰਨ ਉਪਰੰਤ, ਉਹ ਰਾਮਗੜ੍ਹੀਆ ਕਾਲਜ ਕਲਾ ਪੜਾਉਣ ਲੱਗਿਆ। ਇਨ੍ਹਾਂ ਮੁੱਢਲੇ ਸਾਲਾਂ ਵਿੱਚ ਹੀ ਉਹ ਉਨ੍ਹਾਂ ਚਿਤਰਕਾਰਾਂ ਵਿੱਚ ਸ਼ਾਮਿਲ ਹੋ ਗਿਆ ਜਿਨ੍ਹਾਂ ਦੀਆਂ ਕਲਾ ਕ੍ਰਿਤਾਂ ਨੂੰ ਕਲਾ ਪਾਰਖੂਆਂ ਨੇ ਗਹੁ ਨਾਲ ਵੇਖਣਾ ਸ਼ੁਰੂ ਕਰ ਦਿੱਤਾ ਸੀ। ਇਨ੍ਹਾਂ ਕਲਾ ਪਾਰਖੂਆਂ ਵਿੱਚ ਸ਼ਾਮਿਲ ਸਨ-ਡਾ. ਮੁਲਕ ਰਾਜ ਆਨੰਦ। ਉਹ ਕਲਾ ਮੈਗਜ਼ੀਨ 'ਮਾਰਗ' ਦੇ ਸੰਪਾਦਕ ਸਨ ਅਤੇ

ਰਾਮਗੜ੍ਹੀਆ ਕਾਲਜ ਵਿੱਚ ਚਿਤਰਕਲਾ ਦੀ ਪਰਦਰਸ਼ਨੀ ਵੇਖਣ ਲਈ ਆਏ ਸਨ। ਉਨ੍ਹਾਂ ਨੇ ਕਾਦਰੀ ਦੀਆਂ ਬਣਾਈਆਂ ਤਸਵੀਰਾਂ ਵੇਖੀਆਂ ਤਾਂ ਬਹੁਤ ਪ੍ਰਭਾਵਿਤ ਹੋਏ। 1963 ਵਿੱਚ ਉਨ੍ਹਾਂ ਚੰਡੀਗੜ੍ਹ ਵਿੱਚ ਪਰਦਰਸ਼ਨੀ ਲਾਉਣ ਲਈ ਕਾਦਰੀ ਨੂੰ ਬੁਲਾ ਲਿਆ। ਕਾਦਰੀ ਦੀ ਦੂਸਰੀ ਪਰਦਰਸ਼ਨੀ ਵੀ ਡਾ. ਮੁਲਕ ਰਾਜ ਆਨੰਦ ਅਤੇ ਡਾ. ਮਹਿੰਦਰ ਸਿੰਘ ਰੰਧਾਵਾ ਦੀ ਪਹਿਲ ਉੱਤੇ ਦਿੱਲੀ ਦੀ ਸ਼ਿਰੀਧਰਨੀ ਗੈਲਰੀ ਵਿੱਚ ਲੱਗੀ ਸੀ।

ਕਾਦਰੀ ਦਾ ਵਿਸ਼ਵਾਸ ਸੀ ਕਿ ਕਲਾਕਾਰ ਦਾ ਕੈਨਵਸ ਵਿਆਪਕ ਵਿਸ਼ਵ ਹੈ। ਉਸਨੂੰ ਛੋਟੇ ਦਾਇਰੇ ਵਿੱਚ ਸਿਮਟ ਕੇ ਨਹੀਂ ਰਹਿਣਾ ਚਾਹੀਦਾ। ਉਹ ਫਗਵਾੜੇ ਤੋਂ ਕੀਨੀਆ, ਫਿਰ ਕੋਪਨਹੇਗਨ ਤੇ ਫਿਰ ਟਰਾਂਟੋ ਕਨੇਡਾ ਵਿੱਚ ਆਪਣੇ ਟਿਕਾਣੇ ਕਰਦਾ ਹੋਇਆ, ਸਾਰੀ ਦੁਨੀਆਂ ਨੂੰ ਨਿਹਾਰਦਾ ਅਤੇ ਰੰਗਾਂ, ਰੇਖਾਵਾਂ ਤੇ ਸ਼ਬਦਾਂ ਵਿੱਚ ਸਮੋਂਦਾ ਹੋਇਆ ਇਕ ਅਜੇਹਾ ਕਲਾਕਾਰ ਬਣ ਗਿਆ, ਜਿਸਦਾ ਅਨੁਭਵ ਅਦਭੁਤ ਸੀ।

ਭਾਰਤੀ ਦਰਸ਼ਨ ਦੀਆਂ ਤੰਤਰ ਵਿੱਦਿਆ, ਯੋਗ ਅਤੇ ਸੂਫ਼ੀ ਪਰੰਪਰਾਵਾਂ ਨੂੰ ਉਨ੍ਹਾਂ ਦੇ ਗਹਿਨ ਵਿੱਚ ਉਤਰ ਕੇ ਸਮਝਣ ਅਤੇ ਕਲਾ ਕ੍ਰਿਤਾਂ ਰਾਹੀਂ ਉਨ੍ਹਾਂ ਨੂੰ ਚਿਤਰਨ ਦੀ ਮੁਹਾਰਤ ਵਾਲਾ ਕਾਦਰੀ ਨਾ ਸਿਰਫ਼ ਕਲਾ-ਅਧਿਆਪਕ ਬਣਿਆ ਸਗੋਂ ਯੋਗ ਅਚਾਰੀਆ ਵੀ ਬਣਿਆ। ਬਿਕਰਮ ਸਿਰੀ ਬੰਗਾਲੀ ਯੋਗੀ ਤੋਂ ਯੋਗ ਦੀਖਸ਼ਾ ਲੈਣ ਉਪਰੰਤ ਉਹ ਸੂਫ਼ੀ ਅਹਿਮਦ ਅਲੀ ਸ਼ਾਹ ਕਾਦਰੀ ਦੀ ਬੌਧਿਕ ਸ਼ਰਨ ਵਿੱਚ ਆਇਆ ਅਤੇ ਸੋਹਨ ਸਿੰਘ ਬੜਿੰਗ ਤੋਂ ਸੋਹਨ ਕਾਦਰੀ ਬਣ ਗਿਆ। ਗੇਰੂਆ ਕੁੜਤਾ ਪਹਿਨ ਕੇ ਉਹ ਜਦੋਂ ਭਾਰਤੀ ਦਰਸ਼ਨ ਦੀਆਂ ਬਰੀਕੀਆਂ ਨੂੰ ਆਪਣੇ ਵਿਸਤਾਰ ਦਿੰਦਾ ਤਾਂ ਸਚਮੁੱਚ ਰੂਹਾਨੀ ਹੁੰਦਾ।

ਉਸਦੇ ਚਿੱਤਰਾਂ ਵਿੱਚ ਤੈਰਦੇ ਰੰਗ ਉਸਦੇ ਮਨ ਵਿੱਚ ਮਟਕਦੇ ਵਿਚਾਰਾਂ ਦੇ ਉਹ ਗੁਬਾਰ ਹਨ ਜਿਹੜੇ ਉਸਨੂੰ ਚਾਚੋਕੀ ਦੀਆਂ ਪੈਲੀਆਂ ਵਿੱਚ ਮਿਲੇ ਸਨ-ਉਹ ਆਪਣੇ ਚਿਤਰਾਂ ਦੇ ਰੰਗਾਂ ਅਤੇ ਸ਼ੇਡਜ਼ ਨੂੰ ਸਾਧੂਆਂ ਰਾਹੀ ਬਿਆਨਦਾ ਅਕਸਰ ਕਹਿੰਦਾ-ਇਹ ਸ਼ੇਡਜ਼ ਉਨ੍ਹਾਂ ਸਿਆੜਾਂ ਵਿੱਚੋਂ ਆਈਆਂ ਹਨ ਜਿਹੜੇ ਮੇਰੇ ਪਿਓ ਜਾਂ ਮੇਰੇ ਚਾਚੇ ਨੇ ਤੜਕੇ ਉੱਠ ਕੇ ਮੂੰਹ ਨੇਰ੍ਹੇ ਕੱਢੇ ਸਨ ਦੇ ਫੇਰ ਸੂਰਜ ਦੀ ਟਿੱਕੀ ਨੇ ਇਨ੍ਹਾਂ ਨੂੰ ਉਹ ਧੁੱਪ ਛਾਂ ਪ੍ਰਦਾਨ ਕੀਤੀ ਜਿਹੜੀ ਸਦਾ ਮੇਰੀਆਂ ਅੱਖਾਂ ਵਿੱਚ ਤਾਜਾ ਹੈ। ਉਸਦਾ ਵਿਚਾਰ ਸੀ ਕਿ ਰੰਗ ਉਸਦੇ ਨਹੀਂ ਹਨ। ਇਹ ਸਭ ਕੁਦਰਤ ਦੇ ਹਨ। ਉਸਨੇ ਤਾਂ ਸਿਰਫ਼ ਉਨ੍ਹਾਂ ਨੂੰ ਪਛਾਣਿਆ ਹੈ ਪਕੜਿਆ ਹੈ ਜੋ ਪਕੜਿਆ ਹੈ ਉਸਨੂੰ ਕੈਨਵਸ ਉੱਤੇ ਉਤਾਰ ਦਿਤਾ ਹੈ, ਰੱਖ ਦਿਤਾ ਹੈ, ਵੇਖਣ ਵਾਲੇ ਨੂੰ ਇਸ ਵਿੱਚੋਂ ਆਪਣਾ ਵਿਚਾਰ ਉਜਾਗਰ ਕਰਨਾ ਪਵੇਗਾ ਪੇਂਟਿੰਗ ਹਮੇਸ਼ਾ ਆਪ ਬੋਲਦੀ ਹੈ ਪਰ ਉਹ ਹਮੇਸ਼ਾ ਇਕੋ ਚੀਜ਼ ਨਹੀਂ ਬੋਲਦੀ-'' ਜਿਵੇਂ ਸੰਗੀਤ ਅੱਖਾਂ ਬੰਦ ਕਰਕੇ ਵੇਖਿਆ ਜਾ ਸਕਦਾ ਹੈ ਇਵੇਂ ਤਸਵੀਰ ਅੱਖਾਂ ਬੰਦ ਕਰਕੇ ਸੁਣੀ ਜਾ ਸਕਦੀ ਹੈ। ਪੇਂਟਿੰਗ ਨੂੰ ਸਮਝਣ ਲਈ ਬਹੁਤ

ਜਰੂਰੀ ਹੈ ਕਿ ਉਸਨੂੰ ਰੀਝ ਨਾਲ ਵੇਖਿਆ ਜਾਵੇ-ਇਕਾਗਰ ਚਿਤ ਹੋ ਕੇ। ਉਸਦੇ ਸਦੀਵੀ ਸੰਦੇਸ਼ ਨੂੰ ਸਮਝਣਾ ਬਹੁਤ ਜ਼ਰੂਰੀ ਹੈ ਕਿਉਂਕਿ ਪੇਂਟਿੰਗ ਹਮੇਸ਼ਾ ਜਵਾਨ ਰਹਿੰਦੀ ਹੈ- ਆਉਣ ਵਾਲੀਆਂ ਪੀੜ੍ਹੀਆਂ ਤੱਕ ਨੂੰ ਕੁਝ ਨਾ ਕੁਝ ਕਹਿੰਦੀ ਰਹਿੰਦੀ ਹੈ ਸਿਖਾਉਂਦੀ ਰਹਿੰਦੀ ਹੈ-ਜਿਵੇਂ ਅਲੋਰਾ ਦੀਆਂ ਕਲਾ ਕ੍ਰਿਤੀਆਂ ਅੱਜ ਵੀ ਜਵਾਨ ਹਨ। ਨਿੱਤ ਨਵਾਂ ਸੰਦੇਸ਼ ਦਿੰਦੀਆਂ ਹਨ। ਜੋ ਹਰ ਵਿਅਕਤੀ ਆਪਣੇ ਤਜਰਬੇ ਅਤੇ ਸਮਰੱਥਾ ਅਨੁਸਾਰ ਗ੍ਰਹਿਣ ਕਰਦਾ ਹੈ। ਕਾਦਰੀ ਦਾ ਵਿਚਾਰ ਸੀ ਕਿ ਕਲਾ ਹਮੇਸ਼ਾ ਦ੍ਰਿਸ਼ ਸੰਵੇਦਨਾ ਨਹੀਂ ਉਜਾਗਰ ਹੁੰਦੀ ਹੈ ਜਦੋਂ ਗੱਲਾਂ ਕਰਦਾ ਉਹ ਆਪਣੀ ਕਲਾ ਨੂੰ ਪ੍ਰਕਾਸ਼ਿਤ ਕਰਦਿਆਂ ਅਕਸਰ ਕਹਿੰਦਾ '' ਜਿਵੇਂ ਕੱਚੀਆ ਕੰਧਾਂ ਦੀਆਂ ਤ੍ਰੇੜਾਂ ਵਿੱਚੋਂ ਤੁਹਾਨੂੰ ਹਾਥੀ ਘੋੜਿਆਂ ਦੇ ਆਕਾਰ ਨਜਰ ਆਉਂਦੇ ਹਨ ਜਿਵੇਂ ਬਦਲਾਂ ਵਿੱਚ ਤੁਹਾਨੂੰ ਚਿਹਰੇ ਨਜਰ ਆਉਂਦੇ ਹਨ ਇਵੇਂ ਹੀ ਹਰ ਕਲਾ ਪਹਿਲਾ ਆਕਾਰ ਦੇ ਅਨੁਭਵ ਤੋਂ ਸ਼ੁਰੂ ਹੁੰਦੀ ਹੈ। ਕਲਾ ਪਹਿਲਾਂ ਆਉਂਦੀ ਹੈ, ਬੋਲੀ ਬਾਅਦ ਵਿੱਚ ਆਉਂਦੀ ਹੈ। ਉਹ ਚਾਹੇ ਚਿਤਰ ਰਿਹਾ ਹੋਵੇ ਚਾਹੇ ਕਵਿਤਾ ਲਿਖ ਰਿਹਾ ਹੋਵੇ ਇਕ ਅਜਬ ਰਹੱਸ ਵਿੱਚ ਉਤਰਦਾ ਪ੍ਰਤੀਤ ਹੁੰਦਾ ਹੈ। ਉਹਦੇ ਸ਼ਬਦਾਂ ਵਿੱਚ ਸਦੀਵੀ ਸੁਰਾਂ ਦਾ ਝਲਕਾਰਾ ਹੈ।

ਕਾਫ਼ਰ ਮੋਮਨ ਇਕ ਸਾਹ ਹੋਣਾ<br>
ਹੀਰਾ ਕੰਕਰ<br>
ਇਕ ਹਾਰ ਪਰੋਣਾ<br>
ਮਨ ਮਸਜਿਦ<br>
ਮਨ ਮੰਦਰ ਮਾੜੀ<br>
ਤਨ ਤਨ ਤੋਂ ਤਨ ਮਨ ਦੀ ਪਾਉੜੀ<br>
ਉਤਰੇ ਚੜ੍ਹੇ, ਸੋ ਜਾਵੇ ਆਵੇ<br>
ਸੌ ਸਿਆਣਪ<br>
ਸੌ ਸੁਘੜ ਸਿਆਣੇ<br>
ਰਾਗ ਬੇਰਾਗ ਦੇ ਤਾਣੇ ਬਾਣੇ<br>
ਕੁਝ ਤੇਰੇ ਕੁਝ ਮੇਰੇ ਭਾਣੇ

ਉਹ ਆਕਾਰਾਂ ਨੂੰ ਇਕ ਦੂਸਰੇ ਵਿੱਚ ਖਲਤ ਮਲਤ ਹੁੰਦੇ ਵੇਖਦਾ। ਉਨ੍ਹਾਂ ਅੰਦਰ ਫ਼ੈਲੀ ਧੁੰਦ ਨੂੰ ਕੈਨਵਸ ਉੱਤੇ ਉਤਾਰ ਕੇ ਰੰਗਾਂ ਅਤੇ ਰੇਖਾਵਾਂ ਨੂੰ ਜੀਭਾਂ ਲਾਉਣ ਦੇ ਯਤਨ ਕਰਦਾ ਹੈ। ਉਹ ਤਸਵੀਰਾਂ ਦੇ ਬੌਧਿਕ ਅਰਥਾਂ ਨੂੰ ਹੇਚ ਜਾਣਦਾ, ਉਨ੍ਹਾਂ ਦੇ ਆਨੰਦਮਈ ਰਹੱਸ ਨੂੰ ਕੈਨਵਸ ਦੀ ਕੈਦ ਤੋਂ ਮੁਕਤ ਕਰਨ ਦਾ ਯਤਨ ਕਰਦਾ। ਉਹ ਰੌਸ਼ਨਦਾਨਾਂ ਵਿੱਚੋਂ ਝਰਦੀ ਰੌਸ਼ਨੀ ਦੀ ਬੁਣਤਰ ਨੂੰ ਰੰਗਾਂ ਦੀ ਬਣਤਰ ਵਿੱਚ ਬੰਨ੍ਹਦੇ ਰੰਗਾਂ ਰੇਖਾਵਾਂ ਅਤੇ ਸ਼ਬਦਾਂ ਤੋਂ ਪਾਰ ਲੈ ਜਾਂਦਾ:-

ਕੁਝ ਤੇਰਾ ਕੁਝ ਮੇਰਾ

ਧੁਰ ਧਾਤੂ--- ਨਿਤ ਨੰਗਾ ਵਸਤੂ
ਕੁੰਭੈ ਗੰਗਹ- ਗਿਆਨ ਗੰਗੋਤਰ
ਅਗੰਮ-ਅਗੋਚਰ
ਨਾ ਤੇਰਾ ਨਾ ਮੇਰਾ----


ਨੰਗੀ ਝੀਲ ਝੂਠ ਨਾ ਬੋਲੇ
ਡੂੰਘੀ ਝੀਲ ਕੁਫ਼ਰ ਨਾ ਤੋਲੇ
ਏਕੋ ਚੰਦਾ ਸੌ ਪਰਛਾਵੇਂ
ਵਿੰਗੇ ਟੇਢੇ ਡੌਲ ਮਟੋਲੇ
ਝੀਲ ਦਾ ਮਸਤਕ-ਨਿਰਮਲ ਸ਼ੀਸ਼ਾ
ਲਹਿਰਾਂ ਦੇ ਜੋੜ ਨੂੰ
ਝੀਲ ਸਮਝ ਕੇ
ਆਪਣਾ ਮਸਤਕ ਖਲਬਲ ਕੀਤਾ
ਮਾਲੀ ਸਿੰਜੇ ਕਿਆਰੀ ਕਿਆਰੀ
ਜਿਉਂ ਹੀ ਜੰਮਦੀ-ਜਿਉਂ ਹੀ ਮਰਦੀ
ਸੁਗੰਧ ਸਦੀਵੀ-ਕੰਚ ਕੰਵਾਰੀ
ਜਾ ਅੰਬਰੀ ਫੈਲੀ-ਮਾਰ ਉਡਾਰੀ

ਕਵਿਤਾ ਦਾ ਅਜਿਹਾ ਸਨਾਤਨੀ ਮੁਹਾਵਰਾ, ਉਸਦਾ ਨਿਵੇਕਲਾ ਹਾਸਿਲ ਹੈ। ਜਿਹੜਾ ਉਸਦੀਆਂ ਕਾਵਿ ਪੁਸਤਕਾਂ-ਮਿੱਟੀ ਮਿੱਟੀ (1987) ਬੂੰਦ ਸਮੁੰਦਰ (1990) ਅਤੇ ਅੰਤਰਜੋਤੀ (1995) ਦੇ ਆਰ ਪਾਰ ਫੈਲਿਆ ਹੋਇਆ ਹੈ। ਉਸ ਨਾਲ ਇਕ ਲੰਮੀ ਗੱਲਬਾਤ ਬਰਤਾਨੀਆ ਵਿੱਚ ਵੱਸਦੇ ਪੰਜਾਬੀ ਕਵੀ ਅਮਰਜੀਤ ਚੰਦਨ ਨੇ 'ਹੁਣ ਖਿਣ' ਦੇ ਸਿਰਲੇਖ ਹੇਠ ਵੀ ਸੰਨ 2000 ਵਿੱਚ ਛਪਵਾਈ ਹੈ, ਜ਼ੋ ਕਾਦਰੀ ਦੀ ਅਦਭੁਤ ਸ਼ਖਸ਼ੀਅਤ ਨੂੰ ਸਮਝਣ ਵਿੱਚ ਵੀ ਸਹਾਈ ਹੁੰਦੀ ਹੈ।

ਕਾਦਰੀ ਵਰਗੇ ਕਲਾ ਦੇ ਕਾਦਿਰ ਪੰਜਾਬੀਅਤ ਦੇ ਉਹ ਮਾਣ ਹਨ, ਜੋ ਮਿੱਟੀ ਦੇ ਮੋਹ ਨੂੰ ਆਪਣੀਆਂ ਧੜਕਣਾਂ ਵਿੱਚ ਸਮਾ ਕੇ ਦੁਨੀਆਵੀ ਰਵਾਇਤਾਂ ਨੂੰ ਪਛਾਣ ਕੇ ਨਵੇਂ ਰਾਹ ਸਿਰਜਣ ਵਿੱਚ ਕਾਮਯਾਬ ਹੋਏ ਅਤੇ ਸਾਡੇ ਵਿੱਚੋਂ ਗ਼ੈਰ ਹਾਜ਼ਰ ਹੋ ਕੇ ਵੀ, ਸਾਡੇ ਵਿੱਚ ਸਦਾ ਹਾਜ਼ਰ ਰਹਿਣਗੇ।

**ਡਾ. ਲਖਵਿੰਦਰ ਜੌਹਲ**
**ਜਲੰਧਰ**
**9417194812**

# ਸੋਹਨ ਕਾਦਰੀ ਦੀਆਂ ਕਵਿਤਾਵਾਂ




## ਇਕ

ਅਗਿਆਨ ਦਾ ਅੰਤ, ਅਤਿ
ਅਗਿਆਨ
ਗਿਆਨ ਦੀ ਹੱਦ, ਅਣਜਾਣ
ਗਿਆਨੀ
ਵਿਗਿਆਨ ਬਾਹਿਰ ਦੀ ਚੀਰਾ ਪਾੜੀ
ਮੁੱਖ ਮਖੌਟਾ ਸਭਿਯਾਚਾਰੀ
ਸ਼ਬਦ ਸੁਰਤ ਕੁਝ ਸਾਰ ਨਾ ਜਾਣੀ
ਧਿਆਨ ਧੰਮ ਦੀ ਗੂੰਗੀ ਬਾਣੀ

## ਦੋ


ਇਕ ਕੁੜੀ ਦੀ 'ਅੱਜ' ਚੀਜ਼
ਗੁਆਚੀ
ਭਲਕੇ ਚੇਤਾ ਆਵੇਗਾ
ਜੋ 'ਭਲਕਾ' ਕਦੇ ਨਾ ਆਵੇਗਾ,
ਭਲਕਾ, ਲਟਕੇ ਉਲਟਾ ਭਾਂਡਾ
ਕੌਣ ਭਰੇਗਾ, ਕਿੰਝ ਭਰੇਗਾ?
ਅੱਜ ਦੀ ਗਲ , 'ਕਲ' ਦੀ ਭਾਸ਼ਾ
ਥੀਂ
ਕੌਣ ਕਰੇਗਾ , ਕਿੰਝ ਕਰੇਗਾ?
ਸੱਪ ਦੇ ਨੱਕ ਤੇ ਜਲਦਾ ਦੀਵਾ
ਕੌਣ ਧਰੇਗਾ , ਕਿੰਝ ਧਰੇਗਾ?

## ਤਿੰਨ

ਮੈਂ ਮਿੱਟੀ ਮੇਰੀ ਜ਼ਿੰਦ ਮਿਟਿਆਲੀ
ਮਦਰਾ ਮਿੱਟੀ ਸੋ ਬੁਲ ਪਿਆਲੀ
ਮਿਟ ਮਿਟ ਮਿੱਟੀ ਸਿਰਜਣਹਾਰ
ਮਿੱਟੀ ਦਾ ਭਾਂਡਾ ਮਿੱਟੀ ਘੁਮਿਆਰ
ਇਕ ਮਿੱਟੀ ਦੇ ਕੋਟ ਆਕਾਰ
ਮਿੱਟੀ ਰੰਗ ਬਰੰਗੜੀ ਜੇ ਨੇਤਰ
ਚਿਤਰਕਾਰ

## ਚਾਰ

ਇਕ ਭੋਗ ਜੁਗਤ ਸੌ ਭੈ ਭਰਮਿਆ
ਅਭੁਗਤ ਭੁਗਤੀ ਸਵਪਨ ਜਨਮਿਆ
ਭੋਰ ਭਈ ਹੱਥ ਰਾਖ ਨਾ ਆਈ
ਬਿਰਥਾ ਸਾਰੀ ਗਈ ਕਮਾਈ,
ਕਾਮ ਜੁਗਤ ਜਨਮ ਜੁਗਤੀ
ਅਰਥ, ਕਾਮ, ਧਰਮ ਜੁਗਤੀ
--ਮੋਖ ਅਜੁਗਤੀ




## ਪੰਜ

ਮੈਂ ਤੇਰੀ ਮਹਿਮਾ ਤੂੰ ਮੇਰੀ ਮਾਇਆ
ਮਾਇਆ ਮਹਿਮਾ ਜਗਤ ਰਚਾਇਆ
-ਏਹਾ ਜਾਗ ਉਜਾਗਰ ਹੋਇਆ-
ਮੈਂ ਤੇਰਾ ਸਾਸਾ ਤੂੰ ਮੇਰੀ ਕਾਇਆ
ਤੂੰ ਮੇਰਾ ਸ਼ੀਸ਼ਾ ਮੈਂ ਤੇਰੀ ਛਾਇਆ
ਮੇਰੇ ਅੰਦਰ ਸਾਜਨ ਮੇਰਾ
ਨਿਰਾ ਨੂਰ ਸਦਾ ਸਵੇਰਾ,
ਰਸ ਰਸੀਲਾ ਰਹੱਸ ਉਪਾਇਆ
-ਏਹਾ ਜਾਗ ਉਜਾਗਰ ਹੋਇਆ-

## ਛੇ

ਮਹਾਨ ਬਿੰਦੂ, ਮਹੀਨ ਬਿੰਦੂ
ਹੋ ਨੰਗੇ ਕੱਚੇ ਥਾ ਥਈਆ ਥੱਪਾ।
ਸੌ ਟਾਪੂ ਟੱਪਿਆ ਇਕ ਮਾਰ ਛੜੱਪਾ
ਭੁਗਤੀ ਜੁਗਤੀ ਤਨ ਥੱਕਾ ਥੱਕਾ।

## ਸੱਤ

ਹਠੀਅਲ ਜਿੰਦੁ ਕਾਮਨੀ
ਰੋਮ ਰੋਮ ਕਥੂਰੀ ਘੋਲੇ
ਗਗਨ ਗਾਮੀ ਅੰਮ੍ਰਿਤ ਵੇਲੇ-
ਥਰ ਪਰਕਿਰਤੀ ਥਰ ਗੋਪੀ ਗੋਪੀ
ਸਥਿਰ ਸਮਾਧੀ ਕਾਨ੍ਹ ਕੁਆਰਾ
ਏਕਮ ਦ੍ਰਿਸ਼ਟੀ ਦਸਮ ਦੁਆਰਾ ।

## ਅੱਠ

ਕਰ ਪਰਕਰਮਾ ਪਰਕਿਰਤੀ ਦੀ
ਪਰਬਤ ਖੁਰਿਆ, ਕਾਲ ਮਰਿਆ-
ਸੂਰਜ ਸਰੋਤ ਉਰਜਾਂ ਦਾ
ਲੈਂਦਾ ਥੀਵੇ ਦੇਂਦਾ ਦੇਂਦਾ
ਬਣ ਕਾਲੀ ਮੋਰੀ ਸੂਟਾ ਭਰਿਆ
ਚੁਪ ਚੁਪੀਤੇ ਤਾਰਾ ਝੜਿਆ।

## ਨੌ

ਮਹਾਂ ਮੰਤ੍ਰ- 'ਕੈਵਲਯ'
ਤੂੰ ਕੱਲਮਕੱਲਾ
ਮਹਾ ਯੰਤ੍ਰ ਇਹ ਬ੍ਰਹਿਮੰਡਾ
ਸੋ ਤੇਰੇ ਪਿੰਡ ਸਮਾਨਾ,
ਮਹਾ ਮੁਦ੍ਰਾ ਸੰਨ ਸਮਾਨ-

## ਦਸ

ਨਾ ਕੋਈ ਦਾਤਾ ਹੋਵੇ
ਨਾ ਕੋਈ ਭਿੱਖੂ ਪਾਵੇ
ਭਿੱਖਿਆ.......
ਭਿੱਖਿਆ ਪਾਤਰ ਮੇਚ ਸੁਹਾਵੇ

# ਡਾ. ਹਰਚੰਦ ਸਿੰਘ ਬੇਦੀ 'ਪਰਵਾਸੀ ਸਾਹਿਤ ਚਿੰਤਕ' ਪੁਰਸਕਾਰ ਨਾਲ ਸਨਮਾਨਿਤ



ਪਰਵਾਸੀ ਪੰਜਾਬੀ ਸਾਹਿਤ ਨੂੰ ਇਕ ਅਕਾਦਮਿਕ ਅਨੁਸ਼ਾਸਨ ਵੱਜੋਂ ਸਥਾਪਿਤ ਕਰਨ ਦਾ ਸਿਹਰਾ ਡਾ. ਹਰਚੰਦ ਸਿੰਘ ਬੇਦੀ ਨੂੰ ਜਾਂਦਾ ਹੈ। ਉਨ੍ਹਾਂ ਨੇ ਪਰਵਾਸੀ ਸਾਹਿਤ ਦੇ ਅਧਿਐਨ, ਅਧਿਆਪਨ, ਖੋਜ ਤੇ ਵਿਸ਼ਲੇਸ਼ਣ ਕਰਨ ਤੋਂ ਇਲਾਵਾ ਹਵਾਲਾ ਪੁਸਤਕਾਂ, ਪਾਠ ਪੁਸਤਕਾਂ, ਸਮੀਖਿਆ ਪੁਸਤਕਾਂ, ਖੋਜ ਪੁਸਤਕਾਂ ਦੇ ਨਾਲ-ਨਾਲ ਪਰਵਾਸੀ ਸਾਹਿਤ ਦੇ 10 ਸੰਦਰਭ ਕੋਸ਼ਾਂ ਦੀ ਤਿਆਰੀ ਦਾ ਵੀ ਬੜਾ ਪ੍ਰਮਾਣਿਕ ਤੇ ਟਕਸਾਲੀ ਕੰਮ ਕੀਤਾ ਹੈ। ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ 23-24 ਜਨਵਰੀ, 2020 ਨੂੰ ਆਯੋਜਿਤ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਡਾ. ਬੇਦੀ ਨੂੰ ਪਹਿਲੇ **'ਪਰਵਾਸੀ ਸਾਹਿਤ ਚਿੰਤਕ'** ਦੇ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ

ਡਾ. ਹਰਚੰਦ ਸਿੰਘ ਬੇਦੀ, ਪੰਜਾਬੀ ਸਾਹਿਤ ਦੀ ਇਕ ਅਜਿਹੀ ਪਿਆਰੀ, ਸਤਿਕਾਰੀ ਤੇ ਪ੍ਰੀਚਿਤ ਸ਼ਖ਼ਸੀਅਤ ਹਨ ਜਿਨ੍ਹਾਂ ਦੀ ਬਿਨਾਂ ਕਿਸੇ ਪ੍ਰਦਰਸ਼ਨ ਦੇ ਸਹਿਜ ਰੂਪ ਵਿਚ ਨਿਰੰਤਰ ਮਿਆਰੀ, ਪ੍ਰਮਾਣਿਕ ਤੇ ਇਤਿਹਾਸਕ ਭੂਮਿਕਾ ਵਾਲੀ ਸਾਹਿਤ ਸਾਧਨਾ ਨਿਰੰਤਰ ਜਾਰੀ ਹੈ। ਪਰਵਾਸੀ ਪੰਜਾਬੀ ਸਾਹਿਤ ਦੀ ਪਛਾਣ ਬਨਾਉਣ ਲਈ, ਇਸ ਦੀ ਹੋਂਦ ਨਾਲ ਜੁੜੇ ਪ੍ਰਸ਼ਨਾਂ ਦੇ ਸਰਲੀਕਰਨ ਲਈ, ਇਸ ਦੇ ਅਧਿਐਨ, ਅਧਿਆਪਨ, ਵਿਸ਼ਲੇਸ਼ਣ ਤੇ ਮੁਲਾਂਕਣ ਲਈ, ਪਰਵਾਸ ਦੀ ਮੂਲ ਸਭਿਆਚਾਰਕ ਤੇ ਪਾਰ-ਸਭਿਆਚਾਰਕ ਗਰੈਮਰ ਨੂੰ ਸਮਝਣ ਲਈ, ਇਸ ਦੇ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਸਰੋਕਾਰਾਂ, ਵਿਹਾਰਾਂ, ਵਿਚਾਰਾਂ, ਪ੍ਰਹਾਰਾਂ ਤੇ ਆਲਮੀ ਸਿਆਸਤ ਦੀਆਂ ਮਸਹਲਤਾਂ ਦੀ ਪ੍ਰਸੰਗਿਕਤਾ ਨੂੰ ਗ੍ਰਹਿਣ ਕਰਨ ਲਈ ਅਤੇ ਇਸ ਸਾਹਿਤ ਧਾਰਾ ਨੂੰ, ਮੂਲ ਤੌਰ 'ਤੇ ਇਕ ਅਨੁਸ਼ਾਸਨ ਵਜੋਂ ਸਥਾਪਿਤ ਕਰਨ ਲਈ ਬੜਾ ਮਹੱਤਵਪੂਰਨ, ਟਕਸਾਲੀ ਤੇ ਹਵਾਲਾ-ਜਨਕ ਖੋਜ ਕਾਰਜ ਕੇਵਲ ਡਾ. ਹਰਚੰਦ ਸਿੰਘ ਬੇਦੀ ਨੇ ਹੀ ਕੀਤਾ ਹੈ ਉਸ ਦੀ ਜਿੰਨੀ ਪ੍ਰਸ਼ੰਸਾ ਕੀਤੀ ਜਾਏ, ਥੋੜ੍ਹੀ ਹੈ। ਉਹ ਨਿਰੰਤਰ ਤੌਰ 'ਤੇ ਕੰਮ ਕਰਦੇ ਹੋਏ 60 ਤੋਂ ਵਧੇਰੇ ਪੁਸਤਕਾਂ ਦੀ ਰਚਨਾ ਕਰ ਚੁੱਕੇ ਹਨ। ਪਰਵਾਸੀ ਪੰਜਾਬੀ ਸਾਹਿਤ ਦਾ ਇਕ ਮਹਾਂ ਚਿਤਰ ਬਨਾਉਣ ਤੋਂ ਇਲਾਵਾ **'ਪਰਵਾਸ'** ਪੱਤਰ ਦੀ ਸੰਪਾਦਨਾ ਨਾਲ ਵੀ ਜੁੜੇ ਰਹੇ ਹਨ।

ਪਰਵਾਸੀ ਪੰਜਾਬੀ ਸਾਹਿਤ ਨੂੰ ਇਕ ਅਕਾਦਮਿਕ ਅਨੁਸ਼ਾਸਨ ਵਜੋਂ ਸਥਾਪਿਤ ਕਰਨ ਲਈ ਡਾ. ਹਰਚੰਦ ਸਿੰਘ ਬੇਦੀ ਦੀ ਬੇਮਿਸਾਲ ਭੂਮਿਕਾ ਨਿਰਵਿਵਾਦ ਹੈ। ਡਾ. ਸ. ਪ. ਸਿੰਘ ਤੋਂ ਬਾਅਦ ਪਰਵਾਸੀ ਪੰਜਾਬੀ ਸਾਹਿਤ ਤੇ ਪਰਵਾਸੀ ਪੰਜਾਬੀ ਚੇਤਨਾ ਦੇ ਸਿਧਾਂਤਕ ਪੱਖ ਨੂੰ ਪ੍ਰਪੱਕ ਕਰਨ ਵਿੱਚ ਉਨ੍ਹਾਂ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਉਨ੍ਹਾਂ ਦੀਆਂ ਹੁਣ ਤਕ ਪਰਵਾਸੀ ਪੰਜਾਬੀ ਸਾਹਿਤ ਆਲੋਚਨਾ ਤੇ ਆਧਾਰਿਤ 67 ਪੁਸਤਕਾਂ, 120 ਦੇ ਕਰੀਬ ਖੋਜ-ਪੱਤਰ ਪ੍ਰਕਾਸ਼ਿਤ ਹੋ ਚੁੱਕੇ ਹਨ ਅਤੇ ਪਰਵਾਸੀ ਪੰਜਾਬੀ ਸਾਹਿਤ ਤੇ ਆਧਾਰਿਤ ਉਹ 11 ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ/ਕਾਨਫ਼ਰੰਸਾਂ ਦਾ ਸਫ਼ਲ ਆਯੋਜਨ ਕਰਵਾ ਚੁੱਕੇ ਹਨ। ਉਨ੍ਹਾਂ ਨੇ ਪਰਵਾਸੀ ਸਾਹਿਤ ਦੇ ਅਧਿਐਨ, ਅਧਿਆਪਨ, ਖੋਜ ਤੇ ਵਿਸ਼ਲੇਸ਼ਣ ਕਰਨ ਤੋਂ ਇਲਾਵਾ ਹਵਾਲਾ ਪੁਸਤਕਾਂ, ਪਾਠ ਪੁਸਤਕਾਂ, ਸਮੀਖਿਆ ਪੁਸਤਕਾਂ, ਖੋਜ ਪੁਸਤਕਾਂ ਤੋਂ ਇਲਾਵਾ ਪਰਵਾਸੀ ਸਾਹਿਤ ਦੇ 10 ਸੰਦਰਭ ਕੋਸ਼ਾਂ ਦੀ ਤਿਆਰੀ ਦਾ ਵੀ ਬੜਾ ਪ੍ਰਮਾਣਿਕ ਤੇ ਟਕਸਾਲੀ ਕੰਮ ਕੀਤਾ ਹੈ। ਕੋਸ਼ਕਾਰੀ ਬਹੁਤ ਮਿਹਨਤ, ਲਗਨ, ਸਿਰੜ ਤੇ ਤਹੱਮਲ ਦੀ ਮੰਗ ਕਰਦੀ ਹੈ ਤੇ ਉਸ ਦਾ ਪ੍ਰਗਟਾਵਾ ਤੇ ਗਵਾਹੀ ਡਾ. ਬੇਦੀ ਦੀ ਸਾਧਨਾ ਦੇਂਦੀ ਹੈ। ਡਾ. ਬੇਦੀ ਪਿਛਲੇ 30 ਸਾਲਾਂ ਤੋਂ ਨਿਰੰਤਰ ਪਰਵਾਸੀ ਸਾਹਿਤ ਨੂੰ ਇਕ ਮੁਸਤਨਿਦ ਅਨੁਸ਼ਾਸਨ ਵਜੋਂ ਸਥਾਪਿਤ ਕਰਨ ਵਿਚ ਰੁੱਝੇ ਹੋਏ ਹਨ ਤੇ ਪਰਵਾਸੀ ਸਾਹਿਤ ਦੇ ਇਹ ਕੋਸ਼ ਵੀ ਉਨ੍ਹਾਂ ਦੀ ਨਿਰੰਤਰ ਸਿਰੜ-ਸਾਧਨਾ ਦਾ ਹੀ ਫਲ ਹੈ। ਇਨ੍ਹਾਂ ਕੋਸ਼ਾਂ ਵਿਚ, ਪਰਵਾਸੀ ਪੰਜਾਬੀ ਸਾਹਿਤ ਦਾ ਇਕ ਮਹਾਂਚਿਤਰ ਉਜਾਗਰ ਹੁੰਦਾ ਹੈ, ਜਿਸ ਰਾਹੀਂ ਅਸੀਂ ਇਸ ਸਾਹਿਤਧਾਰਾ ਦੇ ਸਿਧਾਂਤ, ਵਿਹਾਰ, ਇਤਿਹਾਸ, ਪ੍ਰਵਿਰਤੀਆਂ ਤੇ ਝੁਕਾਵਾਂ ਦੀ ਨਿਸ਼ਾਨਦੇਹੀ ਕਰਨ ਤੋਂ ਇਲਾਵਾ, ਇਸ ਸਾਹਿਤ ਦੀ ਸਿਰਜਣਧਾਰਾ ਦੀ ਸਿਧਾਂਤਕ ਆਧਾਰ ਧਾਰਾ ਤੇ ਪਰਵਾਸੀ-ਜੀਵਨ ਦੀ ਗਰੈਮਰ ਦੀਆਂ, ਦ੍ਰਿਸ਼ਟ ਤੇ ਅਦ੍ਰਿਸ਼ਟ ਵੰਗਾਰਾਂ, ਵਿਚਾਰਾਂ, ਦੁਬਿਧਾਵਾਂ ਤੇ ਵਿਸੰਗਤੀਆਂ ਦੀਆਂ ਵਿਡੰਬਿਤ ਮੁਦਰਾਵਾਂ ਤੇ ਸਰੋਕਾਰਾਂ ਨੂੰ ਵੀ ਪ੍ਰਕਾਸ਼ਮਾਨ ਹੋਇਆ ਵੇਖ ਸਕਦੇ ਹਾਂ। ਇਕੱਲੀ-ਇਕੱਲੀ ਪੁਸਤਕ ਪੜ੍ਹਨੀ ਤੇ ਉਸ ਬਾਰੇ ਵਿਚਾਰ ਅੰਕਿਤ ਕਰਨੇ ਬੜਾ ਬਿਖ਼ਮ ਕਾਰਜ ਹੈ, ਜੋ ਡਾ. ਬੇਦੀ ਹੀ ਕਰ ਸਕਦੇ ਸਨ। ਡਾ. ਬੇਦੀ ਨੇ ਇਸ ਕੋਸ਼ ਵਿਚ ਸਾਹਿਤ ਦੇ ਪ੍ਰਾਪਤ ਪਾਠ, ਪੂਰਬ ਪਾਠ ਤੇ ਉਤਰ ਪਾਠ ਨਾਲ ਪ੍ਰੀਚਿਤ ਕਰਵਾਉਂਦੇ ਹੋਏ ਇਸ ਦੇ ਸਮਾਜ-ਸ਼ਾਸਤਰੀ ਤੇ ਦਰਸ਼ਨ-ਸ਼ਾਸਤਰੀ ਪਰਿਪੇਖ ਨੂੰ ਵੀ ਵਿਚਾਰ ਅਧੀਨ ਰੱਖਿਆ ਹੈ। ਪੰਜਾਬੀ ਭਾਸ਼ਾ ਵਿਚ ਅਜਿਹੇ ਕੰਮ ਹੋਣੇ ਲਾਜ਼ਮੀ ਹਨ, ਜਿਨ੍ਹਾਂ ਦੀ ਸਿਰਜਣਾ ਨਾਲ ਜਿੱਥੇ ਇਤਿਹਾਸਕਾਰੀ ਤੇ ਸਾਂਭ ਸੰਭਾਲ ਦਾ ਕੰਮ ਹੋ ਰਿਹਾ ਹੈ ਉੱਥੇ ਇਹ ਕੋਸ਼ ਸਾਡੀ ਅਧਿਐਨ ਸਮੱਗਰੀ ਤੇ ਅਧਿਐਨ ਭੂਮੀ ਦੀ ਰਚਨਾ ਕਰ ਰਹੇ ਹਨ। ਇਨ੍ਹਾਂ ਕੋਸ਼ਾਂ ਦੀ ਤਿਆਰੀ ਉੱਤੇ ਜਿੱਥੇ  ਡਾ. ਬੇਦੀ ਦੇ ਇਸ ਉੱਦਮ ਦੀ ਮੁਕਤ ਮਨ ਨਾਲ ਭਰਪੂਰ ਪ੍ਰਸ਼ੰਸਾ ਕਰਨੀ ਬਣਦੀ ਹੈ ਉਥੇ ਸਾਨੂੰ ਵਿਸ਼ਵਾਸ ਹੈ ਕਿ ਇਹ ਕੋਸ਼ ਉਤਰਕਾਲੀ ਖੋਜੀਆਂ

ਤੇ ਪਾਠਕਾਂ ਲਈ ਨਿਰਸੰਦੇਹ ਅਹਿਮ ਖੋਜ ਸੰਦ ਸਾਬਤ ਹੋਣਗੇ। ਇਹ ਕੋਸ਼ਕਾਰੀ ਦੇ ਖੇਤਰ ਵਿਚ ਡਾ. ਬੇਦੀ ਵੱਲੋਂ ਕੀਤਾ ਗਿਆ ਇਕ ਨਿੱਗਰ ਤੇ ਪ੍ਰਸ਼ੰਸਾ ਯੋਗ ਵਾਧਾ ਹੈ। ਡਾ. ਬੇਦੀ ਦੀ ਅਧਿਐਨ ਵਿਧੀ ਤੇ ਖੋਜ ਦੇ ਪ੍ਰਸੰਗ ਨੇ, ਗਲੋਬਲ ਰਾਜਨੀਤਕ ਸਭਿਆਚਾਰ ਦੇ ਪੂੰਜੀ ਕੇਂਦ੍ਰਿਤ ਵਰਤਾਰਿਆਂ ਅਤੇ 'ਪ੍ਰਿਗਮੈਟਿਕ ਪਾਲਿਟਿਕਸ' ਪਿੱਛੇ ਕਾਰਜਸ਼ੀਲ ਪੂੰਜੀ ਦਰਸ਼ਨ ਦੇ ਪਰਿਪੇਖ ਤੋਂ, ਸਿਰਜੀ ਜਾ ਰਹੀ, ਨਵੀਂ ਵਿਸ਼ਵ-ਦ੍ਰਿਸ਼ਟੀ ਨੂੰ ਪ੍ਰਸਤੁਤ ਕਰਨ 'ਤੇ ਬਲ ਦੇਂਦਾ ਹੈ। ਇਸਦੇ ਮਾਨਵ-ਵਿਰੋਧੀ ਤੇ ਸੋਸ਼ਣ-ਧਾਰਾਈ ਸਿੱਟਿਆਂ ਅਤੇ ਵਿਗਿਆਨਕ-ਮਕਾਨਕੀ ਪ੍ਰਹਾਰ ਨੂੰ, ਰੂਪਮਾਨ ਕਰਨ ਵੱਲ ਰੁਚਿਤ ਹੈ।

◆ ਪਹਿਲੀ ਵਾਰ 10 ਪਰਵਾਸੀ ਸਾਹਿਤ ਦੇ ਸੰਦਰਭ ਕੋਸ਼ (2004-17) ਤਿਆਰ ਕਰਨ ਤੋਂ ਇਲਾਵਾ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਪਰਵਾਸੀ ਸਾਹਿਤ ਬਾਰੇ ਛਪਣ ਵਾਲਾ ਪਹਿਲਾ ਪੀਐੱਚ.ਡੀ. ਦਾ ਖੋਜ ਪ੍ਰਬੰਧ, **ਬਰਤਾਨਵੀ ਪੰਜਾਬੀ ਗਲਪ: ਨਸਲਵਾਦੀ ਪਰਿਪੇਖ** (1996) ਵੀ ਡਾ. ਬੇਦੀ ਦਾ ਹੀ ਹੈ।

◆ ਡਾ. ਬੇਦੀ ਦੀਆਂ ਸੇਵਾਵਾਂ ਦਾ ਸਨਮਾਨ ਕਰਦੇ ਹੋਏ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਭਾਰਤ ਸਰਕਾਰ) ਵੱਲੋਂ ਉਨ੍ਹਾਂ ਨੂੰ ਪ੍ਰੋਫ਼ੈਸਰ ਅਮੈਰੀਟਸ ਦੀ ਫ਼ੈਲੋਸ਼ਿਪ ਨਾਲ ਨਿਵਾਜਿਆ ਗਿਆ ਹੈ।

◆ ਉਹ, **ਕੰਵਲ, ਸੰਪਰਕ, ਪਰਵਾਸ ਤੇ ਰਾਗ** ਜੇਹੇ ਪੱਤਰਾਂ ਦੀ ਸੰਪਾਦਨਾ ਨਾਲ ਵੀ ਜੁੜੇ ਰਹੇ ਹਨ।

◆ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਸਥਾਪਿਤ ਕੀਤੇ ਗਏ, ਸੈਂਟਰ ਫਾਰ ਇਮੀਗਰੈਂਟ ਸਟੱਡੀਜ਼ ਦੇ ਉਹ ਪਹਿਲੇ ਮੁਖੀ ਨਿਯੁਕਤ ਕੀਤੇ ਗਏ ਤੇ ਉਥੇ ਉਨ੍ਹਾਂ ਨੇ ਖ਼ੁਦ ਲੈਕਚਰ ਦਿੱਤੇ, ਲੈਕਚਰ ਕਰਵਾਏ, ਸੈਮੀਨਾਰ ਕਰਾਏ, ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ, ਖੋਜ ਪੱਤਰ ਲਿਖੇ ਤੇ ਖੋਜ ਪ੍ਰਾਜੈਕਟਰ ਵੀ ਨਿਬੇੜੇ। ਖੋਜਾਰਥੀਆਂ ਕੋਲੋਂ ਵੀ ਐੱਮ.ਫਿਲ ਤੇ ਪੀਐੱਚ.ਡੀ. ਦਾ ਉਪਾਧੀਮੂਲਕ ਤੇ ਸਵੈ-ਇੱਛਤ ਮਿਆਰੀ ਤੇ ਪ੍ਰਮਾਣਿਕ ਕੰਮ ਵੀ ਕਰਵਾਇਆ। ਡਾ. ਹਰਚੰਦ ਸਿੰਘ ਬੇਦੀ ਦੇ ਸਾਹਿਤ ਬਾਰੇ ਤੇ ਵਿਸ਼ੇਸ਼ ਕਰਕੇ ਪਰਵਾਸੀ ਸਾਹਿਤ ਨੂੰ ਨਿੱਗਰ ਲੀਹਾਂ 'ਤੇ ਉਸਾਰਨ ਲਈ ਜਿਹੜੀ ਖੋਜੀ ਤੇ ਸਿਰਜਣਾਤਮਕ ਭੂਮਿਕਾ ਨਿਭਾਈ ਗਈ ਹੈ ਉਸ ਦੀ ਸ਼ਬਦਾਂ ਵਿਚ ਵਿਆਖਿਆ ਤੇ ਵਡਿਆਈ ਸੰਭਵ ਪ੍ਰਤੀਤ ਨਹੀਂ ਹੁੰਦੀ।

ਬੇਦੀ ਸਾਹਿਬ ਦੀ ਬਹੁਪੱਖੀ ਸ਼ਖ਼ਸੀਅਤ ਨੂੰ ਬਹੁਤ ਸਾਰੀਆਂ ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ।

**ਡਾ. ਤੇਜਿੰਦਰ ਕੌਰ**
**ਅਸਿਸਟੈਂਟ ਪ੍ਰੋਫ਼ੈਸਰ**
**ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ**
**+91872867377**

# ਸੁਖਵਿੰਦਰ ਕੰਬੋਜ 'ਪਰਵਾਸੀ ਸਾਹਿਤਕਾਰ'
# ਪੁਰਸਕਾਰ ਨਾਲ ਸਨਮਾਨਿਤ



ਪਰਵਾਸੀ ਪੰਜਾਬੀ ਕਵਿਤਾ ਵਿਚ ਸੁਖਵਿੰਦਰ ਕੰਬੋਜ ਦਾ ਅਹਿਮ ਮੁਕਾਮ ਹੈ। ਹੁਣ ਤੱਕ ਉਹ 4 ਕਾਵਿ-ਸੰਗ੍ਰਹਿ ਪਾਠਕਾਂ ਦੇ ਸਨਮੁੱਖ ਕਰ ਚੁੱਕਿਆ ਹੈ। ਸੁਖਵਿੰਦਰ ਦੀ ਸ਼ਾਇਰੀ ਲੋਕ ਹਿਤਾਂ 'ਤੇ ਪਹਿਰੇਦਾਰੀ ਦੀ ਸ਼ਾਇਰੀ ਹੈ। ਬੰਦੇ ਦੇ ਧੁਰ ਅੰਦਰ ਅਜੋਕੀ ਖਪਤ ਮੰਡੀ ਬਾਜ਼ਾਰ ਤੋਂ ਪੈਦਾ ਹੁੰਦੀ ਅਮਾਨਵੀਅਤਾ ਅਤੇ ਖਰੀ ਮਾਨਵੀਅਤਾ ਦੇ ਤਿੱਖੇ ਸੰਵਾਦਾਂ ਨੂੰ ਧੁਰ ਰੂਹੋਂ ਚਿਤਰਣ ਦਾ ਉਹ ਮਾਹਰ ਹੈ। ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ 23-24 ਜਨਵਰੀ, 2020 ਨੂੰ ਆਯੋਜਿਤ ਅੰਤਰਰਾਸ਼ਟਰੀ ਕਾਨਫ਼ਰੰਸ ਵਿੱਚ ਸ਼ਾਇਰ ਸੁਖਵਿੰਦਰ ਕੰਬੋਜ ਨੂੰ ਪਹਿਲੇ **'ਪਰਵਾਸੀ ਸਾਹਿਤਕਾਰ'** ਦੇ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ

ਅਮਰੀਕਾ ਦੇ ਕੈਲੇਫੋਰਨੀਆ ਸੂਬੇ ਵਿਚ ਜਾ ਵੱਸੇ ਸੁਖਵਿੰਦਰ ਕੰਬੋਜ ਦਾ ਸਮਕਾਲੀ ਪੰਜਾਬੀ ਪਰਵਾਸੀ ਹੀ ਨਹੀਂ, ਸਮੁੱਚੀ ਕਵਿਤਾ ਵਿਚ ਅਹਿਮ ਮੁਕਾਮ ਹੈ। 12 ਦਸੰਬਰ, 1952 ਨੂੰ ਸੁਲਤਾਨਪੁਰ ਲੋਧੀ ਵਿੱਚ ਜਨਮੇ ਕੰਬੋਜ ਨੇ ਐਮ. ਏ. ਆਨਰਜ਼ (ਪੰਜਾਬੀ) ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ 1975 'ਚ ਕਰ, ਕੁਝ ਕਾਲਜਾਂ ਵਿਚ ਪੜ੍ਹਾ, ਆਖ਼ਰ ਅਮਰੀਕਾ ਦਾ ਰੁਖ਼ ਕੀਤਾ। ਕਾਲਜ ਪੜ੍ਹਾਈ ਮੌਕੇ ਕਾਵਿ ਪ੍ਰਤੀਯੋਗਤਾਵਾਂ ਵਿਚ ਬੇਸ਼ੁਮਾਰ ਟਰਾਫੀਆਂ ਜਿੱਤਣ ਦੇ ਨਾਲ ਉਹ ਬਾਕਸਿੰਗ ਤੇ ਕਬੱਡੀ ਦਾ ਯੂਨੀਵਰਸਿਟੀ ਪੱਧਰ ਦਾ ਨਾਮਵਰ ਖਿਡਾਰੀ ਵੀ ਰਿਹਾ। ਉਸਦੇ ਸੰਵੇਦਨਾ ਭਰਪੂਰ ਮਿਜ਼ਾਜ, ਖੁੱਲ੍ਹੇ-ਡੁੱਲ੍ਹੇ ਵਿਹਾਰ, ਦੂਸਰੇ ਦੀ ਅੱਗੇ ਹੋ ਮਦਦ ਕਰਨ ਦੀ ਰੁਚੀ ਨੇ ਉਸਨੂੰ ਮਿੱਤਰਾਂ ਦਾ ਚਹੇਤਾ ਵੀ ਬਣਾਈ ਰੱਖਿਆ ਤੇ ਕਈ ਸਾਰੀਆਂ ਮੁਸੀਬਤਾਂ ਵਿਚ ਵੀ ਪਾਈ ਰੱਖਿਆ, ਪਰ ਉਹ ਹਾਰਨ ਵਾਲਾ ਸ਼ਖ਼ਸ ਨਹੀਂ। ਮੁੜ ਕੁਕਨਸ ਵਾਂਗ ਆਪਣੀ ਰਾਖ 'ਚੋਂ ਪਰਵਾਜ਼ ਭਰਨ ਵਾਲਾ ਬੰਦਾ ਹੈ।

ਹੁਣ ਤਕ ਉਸਦੇ ਚਾਰ ਕਾਵਿ-ਸੰਗ੍ਰਹਿ **ਨਵੇਂ ਸੂਰਜ**, **ਜਾਗਦੇ ਅੱਖਰ**, **ਇਕੋ ਜਿਹਾ ਦੁੱਖ ਤੇ ਜੰਗ**, **ਜਸ਼ਨ ਤੇ ਜੁਗਨੂੰ** ਛਪ ਚੁੱਕੇ ਹਨ। ਉਮਰ ਦੇ ਇਸ ਮੋੜ 'ਤੇ ਉਸਦੀਆਂ 2005 ਤਕ ਛਪੀਆਂ ਕਵਿਤਾਵਾਂ ਦੀ ਪੁਸਤਕ ਹੈ। ਉਸਨੇ ਕੁਲਵਿੰਦਰ ਤੇ

ਰਵਿੰਦਰ ਸਹਿਰਾਅ ਨਾਲ ਰਲ਼ਕੇ ਅਮਰੀਕੀ ਪੰਜਾਬੀ ਕਵਿਤਾ ਭਾਗ ਪਹਿਲਾ ਤੇ ਦੂਜਾ ਵੀ ਛਪਵਾਈਆਂ ਹਨ।

ਅਮਰੀਕਾ ਜਾ ਵੱਸਣ ਮਗਰੋਂ ਸੁਖਵਿੰਦਰ ਦੀ ਸ਼ਾਇਰੀ ਅਮਰੀਕੀ ਜੀਵਨ ਸ਼ੈਲੀ ਨਾਲ ਆਪਣੇ ਕ੍ਰਾਂਤੀਕਾਰੀ ਪੈਂਤੜੇ ਤੋਂ ਬੇਹੱਦ ਨਵੇਂ ਸੰਵਾਦ ਰਚਾਉਂਦੀ ਹੈ। ਪਰਵਾਸ ਨੇ ਉਸਦੀ ਸਿਰਜਣਾਤਮਕ ਊਰਜਾ, ਕ੍ਰਾਂਤੀਕਾਰੀ ਚੇਤਨਾ ਨੂੰ ਖੋਰਿਆ ਨਹੀਂ, ਸਗੋਂ ਸੀਖਿਆ ਹੈ। ਅਮਰੀਕੀ ਸਾਮਰਾਜੀ ਹੈਂਕੜ ਤੇ ਅਮਾਨਵੀ ਪ੍ਰਸਥਿਤੀਆਂ ਨੂੰ ਉਹ ਬੇਬਾਕ ਹੋ ਵੰਗਾਰਦਾ ਹੈ। ਆਪਣੀ ਲੋਕਪੱਖੀ ਦ੍ਰਿਸ਼ਟੀ ਤੋਂ ਉਹ ਮਨਮੋਹਕ, ਤਾਜ਼ਾ ਬਿੰਬਾਂ, ਚਿੰਨ੍ਹਾਂ ਤੇ ਵਰਤਾਰਿਆਂ ਦੇ ਸੁਜੱਗ ਵਰਨਣ ਰਾਹੀਂ ਨਵੇਂ ਉਚਾਰ ਸਿਰਜਣ ਵਾਲਾ ਪ੍ਰਤਿਨਿਧ ਸ਼ਾਇਰ ਹੈ। ਡਾਲਰੀ ਤਹਿਜ਼ੀਬ ਵਿਚੋਂ ਪਨਪਦੇ ਅਮਾਨਵੀਪਣ ਦੀਆਂ ਤੈਹਿਆਂ ਪਰਤਾਂ ਉਧੇੜ ਉਹ ਹੇਰਵੇ ਮਨੁੱਖ ਦੇ ਭਰਪੂਰ ਜੀਵਨ ਦੀ ਤਾਂਘ ਤੇ ਉਲੇਲ ਨੂੰ ਪ੍ਰਕਾਸ਼ਵਾਨ ਕਰਦਾ ਹੈ। ਉਸਦੀ ਕਵਿਤਾ, ਘਿਰਾਓ, ਵਿਸ਼ਾਦ ਜਾਂ ਰੁਮਾਨੀ ਭੂਤ ਦਾ ਰੁਦਨ ਨਹੀਂ; ਅੰਨ੍ਹੇ ਹਿੰਸਕ ਮਾਹੌਲ ਵਿਚ ਪਿਸ ਰਹੇ ਬੰਦਿਆਂ ਦੀ ਤੜਪ, ਬੇਚੈਨੀ ਤੇ ਕੁਲਾਹਲ ਦੇ ਆਰ-ਪਾਰ ਸੁਖਾਵੇਂ ਸਾਕਾਂ, ਹੁਸੀਨ ਸੁਪਨਿਆਂ ਤੇ ਸਮਾਨਤਾ-ਸਨਮਾਨ ਭਰੇ ਜੀਵਨ ਦੇ ਕਾਵਿ ਬਿੰਬ ਉਸਾਰਦੀ ਹੈ :

- ਬਾਜ਼ਾਰ ਮਾਲ ਤੋਂ ਤੁਰਦਾ ਫਿਰਦਾ.....
ਬੱਚਿਆਂ ਨਾਲ... ਬੀਵੀਆਂ ਨਾਲ...
ਘਰਾਂ 'ਚ ਅਪੜ ਗਿਆ ਹੈ ।
- ਜੇਤੂ ਜਸ਼ਨਾਂ ਦੇ ਮਸਨੂਈ ਜਲੌ ਤੋਂ
ਕਿਤੇ ਵੱਡਾ ਸੱਚ ਹੈ
ਹਨੇਰੀਆਂ ਪਰਤਾਂ ਦੇ ਪਰ ਬਣ
ਜੁਗਨੂੰਆਂ ਦਾ ਪਰਤਣਾ
ਲੋਅ ਦਾ ਉਦੈ ਹੋਣਾ
ਜੁਗਨੂੰ ਜ਼ਰੂਰ ਪਰਤਣਗੇ ।

ਸੁਖਵਿੰਦਰ ਦੀ ਸ਼ਾਇਰੀ ਲੋਕ ਹਿਤਾਂ 'ਤੇ ਪਹਿਰੇਦਾਰੀ ਦੀ ਸ਼ਾਇਰੀ ਹੈ। ਬੰਦੇ ਦੇ ਧੁਰ ਅੰਦਰ ਅਜੋਕੀ ਖਪਤ ਮੰਡੀ ਬਾਜ਼ਾਰ ਤੋਂ ਪੈਦਾ ਹੁੰਦੀ ਅਮਾਨਵੀਅਤਾ ਅਤੇ ਖਰੀ ਮਾਨਵੀਅਤਾ ਦੇ ਤਿੱਖੇ ਸੰਵਾਦਾਂ ਨੂੰ ਧੁਰ ਰੂਹੋਂ ਚਿਤਰਣ ਦਾ ਉਹ ਮਾਹਰ ਹੈ। ਇਹ ਬੰਦੇ ਨੂੰ ਨਿਰੋਲ ਭੋਗੀ ਹੋਂਦ ਘੜਨ ਲਈ ਤਤਪਰ ਤਹਿਜ਼ੀਬ ਕੰਬੋਜ ਦੇ ਕਾਵਿ ਫ਼ਿਕਰ ਦਾ ਧੁਰਾ ਹੈ ਤੇ ਇਸਤੋਂ ਮੁਕਤੀ ਉਸਦਾ ਸੱਚਾ-ਸੁੱਚਾ ਪੈਗਾਮ। ਏਸੇ ਦੇ ਆਰ ਪਾਰ ਪਰਵਾਸੀ ਭਾਈਚਾਰਿਆਂ ਦੇ ਅਮਰੀਕਾ ਵਰਗੇ ਮੁਲਕ ਵਿਚ ਜਿਸਮੋਂ ਮਨੋ-ਰੂਹੋਂ ਵਲੂੰਧਰੀ ਹੋਂਦ ਤੇ ਖੁਰ ਰਹੀ ਹਸਤੀ ਦਾ ਜੰਜਾਲ-ਤੰਤਰ ਚਿਤਰਨੋ ਉਹ ਭੋਰਾ ਉਕਦਾ ਨਹੀਂ, ਡਰਦਾ ਨਹੀਂ। ਕਵਿਤਾ ਦੀ ਮਨੁਖੀ ਜੀਵਨ ਵਿਚ ਮਾਇਨੇਖੇਜ਼ ਹੋਂਦ, ਸ਼ਬਦ

ਸ਼ਕਤੀ ’ਤੇ ਸੁਦ੍ਰਿੜ ਵਿਸ਼ਵਾਸ, ਇਸਦੇ ਮਾਨਵ ਹਿਤੈਸ਼ੀ ਪੈਗਾਮ ਤੇ ਮਨੁਖ ਦੀ ਸੁਚੱਜੀ ਚੇਤਨਾ-ਚਿੰਤਨ ਤੋਂ ਉਹ ਰੂਹ ਤੱਕ ਵਾਕਫ਼ ਹੈ। ਉਹ ਅਜੋਕੀ ਅੰਨ੍ਹੀ ਦੌੜ, ਜ਼ਹਿਰੀਲੀ ਫ਼ਿਜ਼ਾ, ਮਾਰ-ਧਾੜ, ਕੜਵਾਹਟ ਤੇ ਤੜਪ ਨੂੰ ਮੈਂ-ਮੂਲਕ ਕਾਵਿ ਉਚਾਰ ਰਾਹੀਂ ਕਿਤੇ ਸਵੈ-ਕਟਾਖ਼ਸ਼, ਕਿਤੇ ਤਲਖ ਸੰਵਾਦ ਤੇ ਕਿਤੇ ਲਲਕਾਰ ਦੇ ਰੰਗਾਂ ਵਿਚ ਚਿਤਰਣ ਦਾ ਮਾਹਰ ਹੈ।

ਮੁੱਖ ਤੌਰ ’ਤੇ ਸੁਖਵਿੰਦਰ ਕੰਬੋਜ ਨੇ ਨਜ਼ਮ ਲਿਖੀ ਹੈ ਤੇ ਇਹ ਖੁੱਲੀ ਨਜ਼ਮ ਦੇ ਸੁਭਾਅ ਦੀ ਹੈ; ਪਰ ਇਹ ਖੁੱਲ੍ਹ ਬੇਮੁਹਾਰੀ ਨਹੀਂ, ਆਪਮੁਹਾਰੀ ਹੈ। ਕੰਬੋਜ ਨੂੰ ਕਾਵਿਕ ਥੀਮ ਦੀ ਸੁਹਜਮਈ ਬੁਣਤੀ ਦਾ ਅਨੂਠਾ ਵੱਲ ਹੈ। ਏਹ ਖੁੱਲ੍ਹੀ ਹੋ ਕੇ ਵੀ ਸ਼ਬਦਾਂ ਦੀ ਟਣਕਾਰ ਅਰਥਾਂ ਦੇ ਚਮਤਕਾਰ ਸਿਰਜਣ ਦੀ ਵਿਸ਼ੇਸ਼ ਸਮਰਥਾ ਵਾਲੀ ਹੈ। ਉਸਦੀ ਨਜਮ ਤੇਜ ਵਹਾ ਵਿਚ ਭਾਵਾਂ, ਬਿੰਬਾਂ ਦਾ ਐਸਾ ਵੇਗ ਸਿਰਜਦੀ ਹੈ, ਪਾਠਕ ਨਾਲ ਹੋ ਤੁਰਦਾ ਹੈ, ਉਸਦੀ ਸ਼ਾਇਰੀ ਬੇਚੈਨ ਦੌਰ ਦੀ ਪੈਦਾਵਾਰ ਹੈ; ਏਸੇ ਕਰਕੇ ਏਹ ਪਾਠਕ ਨੂੰ ਬੇਚੈਨ ਕਰਦੀ ਹੈ, ਉਤੇਜਿਤ, ਉਤਸ਼ਾਹਿਤ ਕਰਦੀ ਹੈ। ਉਰਜਤ ਕਰਦੀ ਹੈ, ਨਵੇਂ ਸੁਪਨੇ ਉਪਜਾਉਂਦੀ ਹੈ। ਮਨੁੱਖ ਬਣ ਜੀਣ-ਥੀਣ ਲਈ ਉਕਸਾਉਂਦੀ ਹੈ।

ਬਕੌਲ ਸੁਖਵਿੰਦਰ ‘ਵਿਸ਼ਵੀਕਰਨ ਦੀ ਚਾਬੁਕ ਨੇ ਬੰਦੇ ਨੂੰ ਸੰਸਿਆਂ ਦੇ ਜੰਗਲਾਂ ਵਿਚ ਭਟਕਾ ਮਾਰਿਆ ਹੈ। ਨਿਰੋਲ ਖਪਤਕਾਰੀ ਰੁਚੀ ਨੇ ਉਸ ਅੰਦਰੋਂ ਸਹੀ-ਸੁੰਦਰ ਮਨੁਖੀ ਸੁਪਨੇ ਹੂੰਝ ਮਾਰੇ ਹਨ। ਉਸ ਨੂੰ ’ਸਟੋਰ ਦੀ ਮਾਰਗੇਜ’ ਘੇਰੀ ਰੱਖਦੀ ਹੈ। ਮੇਰੇ ਲੈਟਰ ਬਾਕਸ ਵਿਚ ਸਿਰਫ਼ ਬਿਲਾਂ ਦਾ ਤਕਾਜ਼ਾ ਹੈ, ਜੀਵਨ ਦੀ ਐਸੀ ਘੇਰਾਬੰਦੀ ਵਿਚ ਮਨੁਖ ਬਣ ਜੀਣ-ਥੀਣ ਦੀ ਤਾਂਘ ਨੂੰ ਜਗਾ ਕਵਿਤਾ, ਸਾਹਿਤ, ਕਲਾ ਤਾਂ ਕਿਸੇ ਹੋਰ ਦੁਨੀਆਂ ਦੀਆਂ ਚੀਜ਼ਾਂ ਜਾਪਦੀਆਂ ਹਨ; ਪਰ ਸੁਖਵਿੰਦਰ ਉਹਨਾਂ ਵਿਰਲੇ-ਟਾਵਿਆਂ ’ਚੋਂ ਹੈ; ਜੋ ਆਖਰੀ ਸਾਹ ਤਕ ਆਪਣੇ ਮਨੁੱਖ ਹੋ ਜੀਣ-ਥੀਣ ਦੀ ਜ਼ਾਮਨੀ ਭਰਦੇ ਮਾਹੌਲ ਲਈ ਸ਼ੈਦਾਈ ਹੈ । ਕਵਿਤਾ ਨੂੰ ਸਾਹਾਂ ਵਾਂਗ ਪੁਗਾਉਣ ਲਈ ਬਜ਼ਿੱਦ ਹੈ। ਏਸੇ ਵਿਚ ਉਸਦੀ ਤੇ ਸਾਡੀ ਸੱਭ ਦੀ ਸਿਰਜਣਸ਼ੀਲ ਪ੍ਰਮਾਣਿਕਤਾ ਜੀਂਦੀ ਜਾਗਦੀ ਹੈ; ਏਹੋ ਜਿਹੇ ਕਾਰਜ ਤੇ ਸਿਰਜਣਾਵਾਂ ਸਾਡੇ ਮਨੁੱਖ ਹੋਣ ਦੀਆਂ ਜ਼ਾਮਨ ਨੇ ਤੇ ਰਹਿਣਗੀਆਂ। ਸੁਖਵਿੰਦਰ ਕੰਬੋਜ ਉਮਰ ਦੇ ਜਿਸ ਪ੍ਰੌੜ ਪੜਾਅ ’ਤੇ ਆਪਣੀ ਸਾਹਿਤਕ ਕਮਾਈ ਸਦਕਾ ਪਹੁੰਚਿਆ ਹੈ, ਅਸਾਨੂੰ ਉਸਤੋਂ ਹੋਰ ਵੱਡੀਆਂ ਆਸਾਂ ਹਨ।

**ਡਾ. ਜਸਵਿੰਦਰ ਸਿੰਘ**
**245 ਚਰਨ ਬਾਗ਼**
**ਪਟਿਆਲਾ**

# .ਗਜ਼ਲਾਂ

## ਹਰਦਮ ਸਿੰਘ ਮਾਨ



ਹਰਦਮ ਸਿੰਘ ਮਾਨ ਗ਼ਜ਼ਲ ਰਚੇਤਾ ਹਨ। ਉਹਨਾਂ ਦਾ ਗ਼ਜ਼ਲ ਸੰਗ੍ਰਹਿ 'ਅੰਬਰ ਦੀ ਭਾਲ ਵਿੱਚ' ਛਪ ਚੁੱਕਾ ਹੈ।ਉਹ ਸਾਹਿਤ ਸਭਾ, ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਅਤੇ ਪੰਜਾਬੀ ਲੇਖਕ ਮੰਚ ਦੇ ਮੈਂਬਰ ਵੀ ਹਨ

### ਇਕ

ਨਦੀ ਤਾਂ ਵੇਖਦੇ ਸਾਰੇ, ਕਿਨਾਰੇ ਕੌਣ ਵੇਂਹਦਾ ਹੈ
ਤੇ ਇਥੇ ਕੌਣ ਕਿਸ ਦੇ ਹੈ ਸਹਾਰੇ, ਕੌਣ ਵੇਂਹਦਾ ਹੈ
ਤੁਸੀਂ ਵੀ ਰਾਤ ਭਰ ਚਮਕੇ ਬਥੇਰਾ ਤਾਰਿਆਂ ਵਾਂਗੂੰ
ਜੇ ਚੜ੍ਹਿਆ ਚੰਨ ਹੋਵੇ ਤਾਂ ਸਿਤਾਰੇ ਕੌਣ ਵੇਂਹਦਾ ਹੈ
ਅਸੀਂ ਤਾਂ ਨਿੱਤ ਨਵੀਆਂ ਪਤਝੜਾਂ ਦੇ ਨਾਲ਼ ਘੁਲਦੇ ਹਾਂ
ਬਹਾਰਾਂ ਕੋਲ਼ ਬੈਠਾ ਇਹ ਨਜ਼ਾਰੇ ਕੌਣ ਵੇਂਹਦਾ ਹੈ
ਕਿਸੇ ਦੇ ਹਉਕਿਆਂ ਦੇ ਨਾਲ਼ ਨਾ ਪੱਥਰ ਕੋਈ ਪਿਘਲੇ
ਕਿਸੇ ਦੇ ਅੱਥਰੂ ਹੌਲ਼ੇ ਜਾਂ ਭਾਰੇ ਕੌਣ ਵੇਂਹਦਾ ਹੈ
ਭਰੀ ਅੱਖਾਂ 'ਚ ਸਾਡੇ ਰੇਤ ਹੈ ਦੌਲਤ ਜਾਂ ਸ਼ੁਹਰਤ ਦੀ
ਮਨਾਂ ਵਿਚ ਸਿਸਕਦੇ ਜੋ ਚਾਅ ਕੁਆਰੇ ਕੌਣ ਵੇਂਹਦਾ ਹੈ

### ਦੋ

ਬੋਲ ਮਸ਼ੀਨੀ ਹੋ ਗੇ, ਦਿਲ ਵੀ ਧੜਕਣ ਨਾ।
ਵਸਦੇ ਰਸਦੇ ਘਰ ਵੀ, ਹੁਣ ਘਰ ਲੱਗਣ ਨਾ।
ਭੀੜ ਭੜੱਕਾ ਸ਼ਹਿਰ 'ਚ ਸ਼ੋਰਸ਼ਰਾਬਾ ਬਹੁਤ
ਸੱਜਣ, ਮਿੱਤਰ, ਬੇਲੀ ਕਿਧਰੇ ਲੱਭਣ ਨਾ।
ਰੰਗਾਂ, ਫੁੱਲਾਂ ਨਾਲ਼ ਸਜੇ ਮਨਮੋਹਣੇ ਮਹਿਲ
ਕੀ ਹੋਇਆ ਜੇ ਖੁਸ਼ਬੂ ਪੌਣਾਂ ਰੁਮਕਣ ਨਾ।
ਝਾਂਜਰ ਦੀ ਛਣ ਛਣ ਵੀ ਸ਼ੋਰ ਹੀ ਲਗਦੀ ਹੈ
ਮੋਰ ਜਦੋਂ ਤੱਕ ਮਨ ਵਿਚ ਪੈਲਾਂ ਪਾਵਣ ਨਾ।
ਉੱਚੇ ਅੰਬਰੀਂ ਉੱਡ ਪਰਦੇਸੀਂ ਜਾ ਬੈਠਾ
ਪੰਛੀ ਨੂੰ ਹੁਣ ਆਪਣੇ ਪਰ ਹੀ ਲੱਭਣ ਨਾ।

ਕੋਮਲ ਦਿਲ ਦੀ ਧਰਤੀ ਪੱਥਰ ਹੋ
ਜਾਵੇ
ਵਕਤ ਦੀ ਹਰ ਇਕ ਨੁੱਕਰ ਬੇਹੱਦ
ਤਿੱਖੀ ਹੈ
ਦੇਖੀਂ  ਰਿਸ਼ਤੇ, ਦਿਲ ਤੇ ਸ਼ੀਸ਼ੇ
ਤਿੜਕਣ ਨਾ।

## ਤਿੰਨ

ਪਰਦੇਸਾਂ ਵਿਚ ਦੇਸਾਂ ਦਾ ਸਿਰਨਾਵਾਂ
ਲੱਭਦੇ ਨੇ
ਇਹ ਪੰਛੀ ਤਾਂ ਅੰਬਰ ’ਤੇ ਪਰਛਾਵਾਂ
ਲੱਭਦੇ ਨੇ

ਯਾਦਾਂ ਦੀ ਧਰਤੀ ਨੇ ਤਾਂ ਇਉਂ ਹੀ
ਸੜਦੇ ਰਹਿਣਾ
ਡਾਲਰ ਦੇ ਜੰਗਲ ‘ਚੋਂ ਕਿੱਥੋਂ ਛਾਵਾਂ
ਲੱਭਦੇ ਨੇ

ਸੜਕਾਂ ਉੱਤੇ ਤੁਰਦੇ ਤੁਰਦੇ ਪੈਰ
ਗੁਆਚ ਗਏ
ਮਖ਼ਮਲ ਵਰਗੀ ਰੇਤ ਵਾਲੀਆਂ
ਰਾਹਵਾਂ ਲੱਭਦੇ ਨੇ

ਪੂਰਬ ਪੱਛਮ ਇਕਮਿਕ ਹੋ ਗਏ
ਅੱਖੀਂ ਦੇਖਦਿਆਂ
ਆਪਣੀ ਹੋਂਦ ਗੁਆ ਕੇ ਲੋਕ ਦਿਸ਼ਾਵਾਂ
ਲੱਭਦੇ ਨੇ

ਹਾਲੇ ਵੀ ਇਸ ਸ਼ਹਿਰ ’ਚ ਵਸਦੇ
ਭੋਲੇ ਲੋਕ ਬੜੇ
ਜੋ ਨੈਣਾਂ ਦੇ ਸਾਵਣ ਛਮ ਛਮ ਬਰਸਣ
ਨਾ।
ਜੋ ਗਲਵੱਕੜੀ ਪਾਉਣ ਵਾਸਤੇ ਬਾਹਵਾਂ
ਲੱਭਦੇ ਨੇ।

ਭਾਵੇਂ ਰੰਗਲੀ ਦੁਨੀਆਂ ਦੇਖ ਰਹੇ ਨੇ
‘ਮਾਨ’ ਜਿਹੇ
ਫਿਰ ਵੀ ਦਿਲ ਦੇ ਚੈਨ ਲਈ ਕੁਝ
ਥਾਵਾਂ ਲੱਭਦੇ ਨੇ

## ਚਾਰ

ਹੋਣ ਚੱਲੇ ਸੀ ਅਸੀਂ ਤਾਂ ਅੱਖਰਾਂ ਦੇ
ਰੂਬਰੂ।
ਕੌਣ ਸਾਨੂੰ ਕਰ ਗਿਆ ਸੰਗਮਰਮਰਾਂ
ਦੇ ਰੂਬਰੂ

ਯਾਦ ਰੱਖੀਂ, ਪੱਥਰਾਂ ਦੇ ਸ਼ਹਿਰ ਦਾ
ਦਸਤੂਰ ਹੈ
ਸ਼ੀਸ਼ਿਆਂ ਹੋਣਾ ਹੈ ਆਖਿਰ ਠੋਕਰਾਂ ਦੇ
ਰੂਬਰੂ।

ਕ੍ਰਿਸ਼ਨ ਦੀ ਨਗਰੀ ’ਚ ਉਹ
ਆਇਆ ਸੀ ਅੱਜ ਵੀ ਆਸ ਨਾਲ
ਹੋ ਨਾ ਸਕਿਆ ਪਰ ਸੁਦਾਮਾ ਮਿੱਤਰਾਂ
ਦੇ ਰੂਬਰੂ।

ਮਹਿਲ ਵਿਚ ਸੁੱਤਾ ਪਿਆ ਸੀ,
ਡਾਲਰਾਂ ਦੇ ਦੇਸ਼ ਵਿਚ
ਹੋ ਰਿਹਾ ਸੁਪਨੇ ’ਚ ਸੀ ਕੱਚੇ ਘਰਾਂ
ਦੇ ਰੂਬਰੂ।

ਪਿੰਜਰੇ ਦੀ ਚੋਗ ਦਾ ਮੋਹ ਜਾਲ ਲੈ ਕੇ ਬਹਿ ਗਿਆ
ਕਿਸ ਤਰ੍ਹਾਂ ਹੁੰਦਾ ਪਰਿੰਦਾ ਅੰਬਰਾਂ ਦੇ ਰੁਬਰੂ

ਜਿਸਮ ਦੇ ਸਭ ਜ਼ਖ਼ਮ ਭਾਵੇਂ ਭਰ ਗਏ ਸਨ ਵਕਤ ਨਾਲ
ਰੂਹ ਤਾਂ ਹਾਲੇ ਵੀ ਹੈ ਰਹਿੰਦੀ ਨਸ਼ਤਰਾਂ ਦੇ ਰੂਬਰੂ।

## ਪੰਜ

ਮਜਿਲਸਾਂ ਅੰਦਰ ਜਦੋਂ ਮਸਲੇ ਉਠਾਏ ਜਾਣਗੇ।
ਆਪਣੀ ਹਉਂਮੇ ਦੇ ਫਿਰ ਝੰਡੇ ਝੁਲਾਏ ਜਾਣਗੇ।


ਸੋਚ ਦਾ ਦੀਵਾ ਤਾਂ ਜਗਦਾ ਰੱਖ ਸਕੇ ਨਾ ਰਾਤ ਭਰ
ਸ਼ਾਇਰੀ ਅੰਦਰ ਕਈ ਸੂਰਜ ਚੜ੍ਹਾਏ ਜਾਣਗੇ।

ਵਗਦੀਆਂ ਪੌਣਾਂ ਨੂੰ ਹੋਈ ਕੈਦ ਤੇ ਅੱਗਾਂ ਬਰੀ
ਫੈਸਲੇ ਹੁਣ ਇਸ ਤਰ੍ਹਾਂ ਏਥੇ ਸੁਣਾਏ ਜਾਣਗੇ।

ਕੀ ਪਤਾ ਕਿੰਨੇ ਵਸੇਬੇ ਜਾਣਗੇ ਉੱਜੜ ਉਦੋਂ
ਬਸਤੀਆਂ ਖਾਤਰ ਜਦੋਂ ਜੰਗਲ ਕਟਾਏ ਜਾਣਗੇ।

ਯਾਦ ਰੱਖ ਓਨੇ ਹੀ ਕੰਡੇ ਪੈਣਗੇ ਚੁਗਣੇ ਕਦੇ
ਤੇਰਿਆਂ ਰਾਹਾਂ ’ਚ ਜਿੰਨੇ ਫੁੱਲ ਵਿਛਾਏ ਜਾਣਗੇ।


**ਹਰਦਮ ਸਿੰਘ ਮਾਨ**
**ਸਰੀ, ਕੈਨੇਡਾ**
**604-308-6663**




**ਬਰਤਾਨੀਆ ਵੱਸਦੇ ਨਾਵਲਕਾਰ ਮਹਿੰਦਰਪਾਲ ਸਿੰਘ ਧਾਲੀਵਾਲ ਦਾ ਨਾਵਲ ‘ਬੇਚੈਨ ਥੇਮਜ਼’ ਉਨੀਵੀਂ ਤੇ ਵੀਹਵੀਂ ਸਦੀ ਦੇ ਬਰਤਾਨਵੀ ਜੀਵਨ ਦੀ ਗਾਥਾ ਬਿਆਨ ਕਰਦਾ ਹੈ**

## ਨਜ਼ਮ

**ਜਿੰਦਰ**



ਜਿੰਦਰ ਬਰਾੜ ਆਸਟਰੇਲੀਆ ਵੱਸਦਾ ਕਵੀ ਹੈ। ਪੰਜਾਬ ਵਿੱਚ ਉਹ ਪਿੰਡ ਰਾਮੂਵਾਲਾ ਜ਼ਿਲ੍ਹਾ ਬਠਿੰਡਾ ਦੇ ਵਸਨੀਕ ਹਨ। ਉਹਨਾਂ ਦੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਸਕੂਲ ਪੜ੍ਹਦਿਆਂ ਤੋਂ ਹੀ ਹੋ ਗਈ ਸੀ ਜਿਸ ਨੂੰ ਉਹਨਾਂ ਨੇ ਪਰਵਾਸ ਦੀ ਧਰਤੀ ਤੇ ਵੀ ਜਾਰੀ ਰੱਖਿਆ ਹੈ

### ਪਰਵਾਸ

ਕਾਹਦਾ ਕਰਾਂ ਧਰਵਾਸ ਸੱਜਣ ਜੀ
ਕੁਝ ਨਾ ਰਿਹਾ, ਪਾਸ ਸੱਜਣਾ ਜੀ

ਬੋਲਾਂ ਸਾਡਿਆਂ ਚ, ਰੋਣੇ ਲੁਕੇ ਤੇ
ਖੁਸ਼ੀਆਂ ਵੀ ਰਹਿਣ, ਉਦਾਸ ਸੱਜਣ
ਜੀ,
ਚਿੱਟੇ ਦਿਨਾਂ ਨੂੰ, ਨੇਰੇ ਖਾ ਗਏ
ਬਣ ਗਈ ਡੈਨ, ਕਾਲੀ ਰਾਤ ਸੱਜਣ ਜੀ
ਕਾਹਦਾ...

ਹਉਕੇ, ਦਰਦ ਤੇ ਤਕਲੀਫ਼ਾਂ ਦੀ
ਸਾਡੀ ਝੌਲੀ ਪਈ, ਸੌਗ਼ਾਤ ਸੱਜਣ ਜੀ,
ਝੰਬੀ ਹੋਈ ਦੁੱਖਾਂ ਦੇ ਮੀਂਹ ਦੀ
ਦੇਹਲ਼ੀ ਟੱਪੇ ਨਾ ਸਾਡੀ, ਪ੍ਰਭਾਤ ਸੱਜਣ
ਜੀ,

ਰੋਸੇ ਤੇਰੇ ਵੇ, ਕਰ ਗਏ ਮੋਇਆਂ ਜਿਹੇ
ਤੇ ਤੇਰੀ ਮੌਤੋਂ ਬੁਰੀ, ਮੁਲਾਕਾਤ ਸੱਜਣ
ਜੀ
ਸੁਪਨੇ ਸਾਡੇ ਖ਼ਾ ਗਏ ਨੇ ਉਨੀਂਦਰੇ
ਤੇ ਉੱਜੜੀ ਕੁੱਲ, ਕਾਇਨਾਤ ਸੱਜਣ
ਜੀ

ਚੰਗਾ ਛੱਡ, ਚੰਗਾ ਲੱਭਣ ਲਈ
ਅਸਾਂ ਕੀਤਾ ਸੀ, ਪਰਵਾਸ ਸੱਜਣ ਜੀ
ਵਸਦੇ ਉੱਜੜ ਕੇ, ਵੱਸ ਨਾ ਸਕੇ
ਪ੍ਰਦੇਸ਼ ਆਏ ਨਾ ਸਾਨੂੰ, ਰਾਸ ਸੱਜਣ
ਜੀ

ਉਚਾਣਾਂ ਤੋਂ ਵਹਿ ਗਏ ਨਿਵਾਣਾਂ ਨੂੰ
ਨਾ ਇਹ ਸੀ ਜ਼ਿੰਦਗੀ ਚ, ਝਾਕ ਸੱਜਣ
ਜੀ
ਕਿੱਦਾਂ ਲੁਕੋਵਾਂ ਹੰਝੂਆਂ ਤੇ ਦਰਦਾਂ ਨੂੰ
ਜਦ ਡਾਹਢੇ ਰੋਲੀ, ਔਕਾਤ ਸੱਜਣ
ਜੀ..,

ਅਰਜ਼ ਕਰਾਂ ਤੇ ਉਹ ਝੱਟ ਸੁਣ ਲਵੇ
ਮੈਂ ਇੰਨਾਂ ਵੀ ਨਾ, ਪਾਕ ਸੱਜਣ ਜੀ
ਅੰਦਰੋਂ ਮੋਇਆਂ ਦਾ,ਬਾਕੀ ਮਰਨ
ਬਚਿਆ
ਤੇ ਰਹਿ ਗਿਆ ਹੋਣਾ, ਖ਼ਾਕ ਸੱਜਣ
ਜੀ...

**ਜਿੰਦਰ**
**ਮੈਲਬਰਨ, ਆਸਟਰੇਲੀਆ**
**61426219587**
**jinderbrar9@gmail.com**

## ਨਜ਼ਮ

## ਡਾ. ਦਵਿੰਦਰ ਸਿੰਘ ਜੀਤਲਾ



ਡਾ. ਦਵਿੰਦਰ ਸਿੰਘ ਜੀਤਲਾ ਨੇ 1986 ਵਿਚ ਕੀਨੀਆ ਵਿਚ ਪਰਵਾਸ ਧਾਰਨ ਕੀਤਾ। ਅੱਜ ਕਲ੍ਹ ਉਹ ਆਸਟਰੇਲੀਆ ਵਿਚ ਰਹਿ ਰਹੇ ਹਨ ਅਤੇ ਨਿਰੰਤਰ ਸਾਹਿਤ ਸਿਰਜਣਾ ਨਾਲ ਜੁੜ੍ਹੇ ਹੋਏ ਹਨ। ਉਹਨਾਂ ਦੇ ਦੋ ਕਾਵਿ-ਸੰਗ੍ਰਹਿ 'ਸੋਚਾਂ ਦਾ ਸਿਲਸਿਲਾ' ਅਤੇ 'ਆਲ੍ਹਣੇ ਦਾ ਤਿਣਕਾ' ਪ੍ਰਕਾਸ਼ਿਤ ਹੋ ਚੁੱਕੇ ਹਨ

### ਰਾਤ ਦਾ ਅੰਧੇਰਾ

ਰਾਤ ਦੇ ਅੰਧੇਰੇ ਵਿਚ ਵੀ ਬਹੁਤ ਕੁਝ
ਦਿਖਾਈ ਦਿੰਦਾ ਹੈ
ਪਾਪਾਂ ਨੂੰ ਛੁਪਾ ਨਹੀਂ ਸਕਦਾ ਬੇਵੱਸ
ਅੰਧੇਰਾ ਕਹਿੰਦਾ ਹੈ

ਜ਼ਰੂਰੀ ਨਹੀਂ ਬੇਵਫਾਈ ਦੀ ਉਸਦੀ
ਚਰਚਾ ਸ਼ਰੇਆਮ ਹੋਵੇ
ਸ਼ਾਇਦ ਉਹ ਵੀ ਬੇਵੱਸ ਹੋਵੇ ਕਿਸੇ
ਹਾਲ ਤੋ ਪਰੇਸ਼ਾਨ ਹੋਵੇ

ਅਜ ਕਲ ਹਾਲਾਤ ਵੀ ਤਾਂ ਇਵੇਂ
ਮਰੋੜੇ ਤਰੋੜੇ ਜਾਂਦੇ ਨੇ
ਝੂਠੇ ਮਹਿਲ ਉਸਾਰਨ ਲਈ ਕੂੜ ਦੇ
ਪੱਥਰ ਜੋੜੇ ਜਾਂਦੇ ਨੇ
ਚਲਦੇ ਚਲਦੇ ਅਚਾਨਕ ਰੁਕਣਾ
ਅਚੰਭੇ ਵਾਲੀ ਗਲ ਨਹੀਂ
ਮਜ਼ਲੂਮ ਨੂੰ ਅੱਖੋਂ ਉਹਲੇ ਕਰਨਾ ਇਹ
ਤਾਂ ਕੋਈ ਹਲ ਨਹੀਂ

ਸੁੱਕੇ ਪੱਤਿਆਂ ਦੀ ਖੜ ਖੜਵੀ ਇਕ
ਨੂਰਾਨੀ ਆਵਾਜ਼ ਹੈ
ਭਾਵੇਂ ਅੰਜਾਮ ਹੈ ਇਕ ਸਫਰ ਦਾ ਪਰ
ਦੂਜੇ ਦਾ ਆਗਾਜ਼ ਹੈ

ਜੋ ਸਿਰਫ ਇਕ ਤਰਫਾ ਹੈ ਨਹੀਂ
ਮਤਲਬ ਉਸ ਚਾਹਤ ਦਾ
ਜਿਸਦਾ ਸਿਲਾ ਬਸ ਮੌਤ ਹੈ ਨਹੀਂ
ਮਤਲਬ ਉਸ ਰਾਹਤ ਦਾ

### ਆਲਣ੍ਹੇ ਦਾ ਤਿਣਕਾ

ਬਾਗ ਉਜੜ ਜਾਣਾ ਇਸ ਵਿਚ ਕੋਈ
ਸ਼ੱਕ ਨਹੀਂ
ਬਸ ਦੋ ਦਿਨ ਸੁਪਨੇ ਬਹਾਰ ਦੇ ਤਾਂ ਲੈ
ਲੈਣ ਦਿਉ

ਗਿਰਝਾ ਦੇ ਪਰਤਣ ਦੀ ਹਵਾ ਵੀ ਹੁਣ
ਚਲ ਪਈ

ਪਿੰਜਰ ਨੂੰ ਛੁਪਣ ਦੀ ਕੋਸ਼ਿਸ਼ ਤਾਂ ਕਰ
ਲੈਣ ਦਿਉ

ਸਦੀਆਂ ਦੇ ਸਭ ਇਤਰਾਜ਼ ਅਜ ਵੀ
ਤਰੋਤਾਜ਼ਾ ਨੇ
ਜ਼ਾਲਿਮ ਨੂੰ ਇਕ ਵਾਰ ਰੰਗਤਾਂ ਦਿਖਾ
ਲੈਣ ਦਿਉ


ਭਾਵੇਂ ਮੰਜ਼ਿਲ ਦਾ ਫਾਸਲਾ ਅਜੇ ਵੀ
ਬਰਕਰਾਰ ਹੈ
ਰਹਿਨੁਮਾ ਨੂੰ ਇਕ ਹੋਰ ਇਸ਼ਾਰਾ ਤਾਂ
ਕਰ ਲੈਣ ਦਿਉ

ਸ਼ੋਰ ਸ਼ਰਾਬੇ ਵਿਚ ਸਭ ਅਣਸੁਣਿਆ
ਰਹਿ ਜਾਏਗਾ
ਚੌਕੀਦਾਰ ਨੂੰ ਫਿਰ ਇਕ ਹੋਕਾ ਤਾਂ ਦੇ
ਦੇਣ ਦਿਉ


ਭਾਵੇਂ ਝਖੜ ਵਿਚ ਸਭ ਉਥੱਲ ਪੁਥੱਲ
ਹੋ ਜਾਵੇਗਾ
ਪੰਛੀ ਨੂੰ ਆਲਣੇ ਦਾ ਤਿਣਕਾ ਤਾਂ ਲਾ
ਲੈਣ ਦਿਉ

**ਡਾ. ਦਵਿੰਦਰ ਸਿੰਘ ਜੀਤਲਾ**
**ਆਸਟਰੇਲੀਆ**
**dsjitla@yahoo.com.au**

**ਪਰਵਾਸ ਮੈਗਜ਼ੀਨ ਦੀ ਪੁਨਰ ਸੁਰਜੀਤੀ ਦੇ ਪਹਿਲੇ ਦੋ ਅੰਕ**




**ਅੰਕ ਜੁਲਾਈ-ਸਤੰਬਰ 2019**




**ਅੰਕ ਅਕਤੂਬਰ-ਦਸੰਬਰ 2019**

## .ਗਜ਼ਲ
## ਸੁਰਿੰਦਰ ਸੀਰਤ



ਸੁਰਿੰਦਰ ਸੀਰਤ ਦਾ ਪਿਛੋਕੜ ਜੰਮੂ ਕਸ਼ਮੀਰ ਦਾ ਹੈ ਅੱਜ ਕੱਲ੍ਹ ਉਹ ਕੈਲੇਫੋਰਨੀਆ ਵਿਚ ਰਹਿ ਰਹੇ ਹਨ। ਇਹਨਾਂ ਦੇ ਹੁਣ ਤਕ 8 ਕਾਵਿ-ਸੰਗ੍ਰਹਿ ਤੇ ਇਕ ਨਾਵਲ ਛਪ ਚੁੱਕੇ ਹਨ। ਇਹਨਾਂ ਨੂੰ ਕਈ ਸਾਹਿਤਕ ਸੰਸਥਾਵਾਂ ਵੱਲੋਂ ਮਾਣ-ਸਨਮਾਨ ਵੀ ਮਿਲ ਚੁੱਕੇ ਹਨ

### .ਗਜ਼ਲ

ਨ ਕੋਈ ਖੌਫ਼ ਏ ਜੰਗਲ ਚ ਜਿਸ ਦੀ
ਥੋੜ ਨਹੀਂ
ਮਿਰੀ ਕਜੇਹ ਜ਼ਰੂਰਤ ਏਂ ਜਿਸ ਦੀ
ਲੋੜ ਨਹੀਂ

ਮਿਰਾ ਸਫਰ ਈ ਤਾਂ ਰਸਤੇ ਚ ਰਾਹ
ਦਸੇਰ ਬਣੇ
ਮਿਰਾ ਤਾਂ ਅਪਣਾ ਕਦੋਬੁਤ ਮਿਰਾ ਈ
ਜੋੜ ਨਹੀਂ

ਨਿਰਾ ਸਰਾਬ ਈ ਦਿਸਦੈ ਹਰਿਕ
ਸਾਥ ਮਿਰਾ
ਜੋ ਮਿਲ ਗਿਆ ਏ ਮੁਕੱਦਰ ਚ ਉਸ
ਨੂੰ ਛੋੜ ਨਹੀਂ

ਮੈਂ ਪੱਥਰਾਂ ਦੇ ਪਏ ਮੀਂਹਂ ਚ
ਸਾਂਭਿਆ ਏ ਬਦਨ
ਜੁ ਕਿਰਚਾਂ ਕਿਰਚਾਂ ਹੋ ਟੁਟਿਐ ਉਨੂੰ
ਤਾਂ ਛੋੜ ਨਹੀਂ

ਚਿਰਾਗ ਬਲ ਕੇ ਬੁਝੇ ਪਰ ਹਨੇਰ
ਪਲਦਾ ਰਿਹਾ
ਇਹ ਸੂਰਜਾਂ ਦੀ ਖ਼ਤਾ ਹੈ ਜਾਂ ਇਸ
ਦਾ ਤੋੜ ਨਹੀਂ

ਰਿਆ ਏ ਤੋੜਦਾ ਜੋ ਅਜ਼ਲ ਤੋਂ
ਫਿਤੂਰ ਮਿਰਾ
ਤੂੰ ਸਬਰ ਅਪਣੇ ਨੂੰ ਜ਼ਾਤ ਅਪਣੀ ਤੋਂ
ਵਿਛੋੜ ਨਹੀਂ

ਜੋ ਬੀਤਿਆ ਏ ਗਿਆ ਬੀਤ
ਮੌਸਮਾਂ ਦਾ ਅਜ਼ਾਬ
ਲੜੀ ਸਕੂਨ ਦੀ ਨਿਜ ਅਪਣੇ ਤੋਂ
ਤਰੋੜ ਨਹੀਂ

ਮਿਰੇ ਤਾਂ ਸ਼ਬਦ ਹੀ ਮੇਰੇ ਸੁਖ਼ਨ ਦੀ
ਸਾਰ ਬਣਨ
ਰਹਾਂ ਮੈਂ ਸੁਰਖੀਆਂ ਅੰਦਰ ਅਜੇਹੀ
ਹੋੜ ਨਹੀਂ

ਨਿਸ਼ਬਦ ਹੋ ਕੇ ਵੀ ਸੀਰਤ ਅਲੰਕ੍ਰਿਤ
ਕਰਦੈਂ
ਤਿਰੀ ਤਾਂ ਸੇਦ ਮਈ ਰਾਹ ਏ ਇਸ
ਚ ਮੋੜ ਨਹੀਂ

**ਸੁਰਿੰਦਰ ਸੀਰਤ**
**ਕੈਲੇਫੋਰਨੀਆ**
**seerat9@yahoo.com**

**ਨਜ਼ਮ**

## ਜਸਵੰਤ ਵਾਗਲਾ



ਆਸਟਰੇਲੀਆ ਵੱਸਦਾ ਜਸਵੰਤ ਵਾਗਲਾ 'ਹਾਦਸਿਆਂ ਦਾ ਜਗੰਲ' ਅਤੇ 'ਝਾਂਜਰ' ਗ਼ਜ਼ਲ ਸੰਗ੍ਰਹਿ ਸਾਹਿਤ ਦੀ ਝੋਲੀ ਪਾ ਚੁੱਕੇ ਹਨ। ਆਸਟਰੇਲੀਆ ਵਿੱਚ ਰਹਿੰਦੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਗ਼ਜ਼ਲਗੋਆਂ ਦੇ ਸਾਂਝੇ ਸੰਗ੍ਰਹਿ 'ਜੱਗਦੇ ਹਰਫ਼ਾਂ ਦੀ ਡਾਰ' ਵਿੱਚ ਵੀ ਉਹਨਾਂ ਦੀ ਰਚਨਾਵਾਂ ਸ਼ਾਮਿਲ ਹਨ

### ਦੇਖਦਾ ਹਾਂ

ਜਦ ਵੀ ਕਦੇ ਮੈਂ ਆਪਣਾ ਇਤਿਹਾਸ ਦੇਖਦਾ ਹਾਂ
ਮੈਂ ਪੁਰਖਿਆਂ ਦੇ ਜ਼ਖਮੀ ਅਹਿਸਾਸ ਦੇਖਦਾ ਹਾਂ
ਝੁੱਗੀਆਂ ਦੇ ਵਿੱਚ ਸਿਤਾਰੇ ਆਉਂਦੇ ਨਜ਼ਰ ਨੇ
ਮੈਨੂੰ ਹਰ ਆਮ ਆਦਮੀ ਨੂੰ ਖਾਸ ਦੇਖਦਾ ਹਾਂ
ਮਜ਼ਹਬ ਦੇ ਨਾਂ 'ਤੇ ਹੁੰਦੇ ਦੇਖਾਂ ਜਦੋਂ ਮੈਂ ਝਗੜੇ
ਲੋਕੀਂ ਮੈਂ ਇਸ ਵਤਨ ਦੇ ਬੇਆਸ ਦੇਖਦਾ ਹਾਂ
ਜੋ ਪਾਰ ਕਰਕੇ ਸਾਗਰ ਹੋਏ ਨੇ ਦੂਰ ਮੈਥੋਂ
ਉਨ੍ਹਾਂ ਨੂੰ ਹੁਣ ਵੀ ਆਪਣੇ, ਮੈਂ ਪਾਸ ਦੇਖਦਾ ਹਾਂ
ਸਤਲੁਜ ਬਿਆਸ ਅੰਦਰ ਮੈਂ ਖ਼ੂਨ ਵਹਿੰਦਾ ਦੇਖਾਂ
ਹਰ ਘਰ 'ਚ ਹਉਕਿਆਂ ਦਾ ਵਾਸ ਦੇਖਦਾ ਹਾਂ
ਹਰ ਵਕਤ ਦੇਖਦਾ ਹਾਂ ਗਮਗੀਨ ਰੁੱਤ ਚੁਫੇਰੇ
ਖ਼ੁਸ਼ੀਆਂ ਦਾ ਇੱਥੋਂ ਹੁੰਦਾ ਪਰਵਾਸ ਦੇਖਦਾ ਹਾਂ
ਮੋਹ ਰਿਸ਼ਤਿਆਂ ਦਾ ਮੈਨੂੰ ਲੱਭਦਾ ਨਹੀਂ ਕਿਤੇ ਵੀ
ਉਲਟੀ ਦਿਸ਼ਾ ਵੱਲ ਜਾਂਦੇ ਨੌਂਹ ਮਾਸ ਦੇਖਦਾ ਹਾਂ
ਮੁੱਕੇਗਾ ਇਹ ਹਨੇਰਾ ਹੋਵੇਗਾ ਥੋੜ੍ਹਾ ਚਾਨਣ
ਮੈਂ ਉੱਡਦੇ ਜੁਗਨੂੰਆਂ ਵਿੱਚ ਕੁਝ ਆਸ ਦੇਖਦਾ ਹਾਂ


### ਤਾਰਾ ਤਾਰਾ

ਵਾਕਿਫ਼ ਮੇਰੇ ਦੁੱਖਾਂ ਤੋਂ ਹੈ ਤਾਰਾ ਤਾਰਾ
ਸ਼ਹਿਰ ਤੇਰੇ ਵਿੱਚ ਫਿਰਦਾ ਹਾਂ ਮੈਂ ਮਾਰਾ ਮਾਰਾ

ਪੈਰ ਨਹੀਂ ਹਨ ਟਿਕਦੇ ਮੇਰੇ ਇੱਕ
ਥਾਂ ਉੱਤੇ
ਮੈਂ ਘੁੰਮਦਾ ਹੀ ਰਹਿੰਦਾ ਹਾਂ ਦਿਨ
ਸਾਰਾ ਸਾਰਾ
ਮੈਨੂੰ ਬੋਲ ਸੰਵਾਤੀ ਚਾਹੀਦੀ ਇੱਕੋ ਹੀ
ਮੈਂ ਕੀ ਕਰਨਾ ਹੈ ਇਹ ਸਾਗਰ ਖਾਰਾ
ਖਾਰਾ
ਦੇਖ ਕੇ ਮੁਸ਼ਕਿਲ ਮੇਰੇ ਦਿਲ ਨੂੰ ਚਾਅ
ਚੜ੍ਹਦਾ ਹੈ
ਮੈਨੂੰ ਨਾ ਹੁਣ ਲੱਗਦਾ ਹੈ ਗਮ ਭਾਰਾ
ਭਾਰਾ
ਤੇਰੀਆਂ ਗੱਲਾਂ ਹੁਣ ਵੀ ਦੇਣ ਸੁਣਾਈ
ਮੈਨੂੰ
ਚੇਤੇ ਵਿੱਚ ਵੱਸਿਆ ਹੈ ਚਿਹਰਾ
ਪਿਆਰਾ ਪਿਆਰਾ
ਲੀਰਾਂ ਲੀਰਾਂ ਕਰ ਦਿੱਤੇ ਮੇਰੇ ਖੱਤ
ਉਸ ਨੇ
ਹਰ ਇੱਕ ਵਾਅਦਾ ਹੋ ਚੁੱਕਾ ਹੈ
ਲਾਰਾ ਲਾਰਾ
ਮੈਂ ਨੰਗੀ ਤਲਵਾਰ ’ਤੇ ਤੁਰਦਾ ਹਾਂ
ਹਰ ਵੇਲੇ
ਰੋਜ਼ ਹੰਢਾਉਂਦਾ ਹਾਂ ਮੈਂ ਜੀਵਨ ਪਾਰਾ
ਪਾਰਾ

**ਜਸਵੰਤ ਵਾਗਲਾ**
**ਬ੍ਰਿਸਬੇਨ, ਆਸਟਰੇਲੀਆ**
**+61468933935**

**ਅਮਰੀਕਾ ਵੱਸਦੇ ਨਕਸ਼ਦੀਪ ਪੰਜਕੋਹਾ ਪੰਜਾਬੀ ਦੇ ਬਹੁਪੱਖੀ ਪ੍ਰਤਿਭਾ ਦੇ ਮਾਲਕ ਹਨ। ਉਹਨਾਂ ਦੀਆਂ ਸਜੱਰੀਆਂ ਰਚਨਾਵਾਂ**






## ਨਜ਼ਮ

## ਸੁਰਜੀਤ ਸਖੀ



ਸੁਰਜੀਤ ਸਖੀ ਅਮਰੀਕਾ ਵੱਸਦੀ ਕਵਿਤਰੀ ਹੈ ਜਿਸ ਦੇ ਹੁਣ ਤੱਕ ਪੰਜਾਬੀ 4 ਕਾਵਿ ਸੰਗ੍ਰਹਿ ਛਪ ਚੁੱਕੇ ਹਨ ਅਤੇ 1 ਕਾਵਿ-ਸੰਗ੍ਰਹਿ ਹਿੰਦੀ ਵਿੱਚ ਵੀ ਪ੍ਰਕਾਸ਼ਿਤ ਹੋ ਚੁੱਕਾ ਹੈ। ਉਹ ਆਪਣੀਆਂ ਰਚਨਾਵਾਂ ਵਿਚ ਮਾਨਵੀ ਤੇ ਇਸਤਰੀ ਸੰਵੇਦਨਾ ਪ੍ਰਤੀ ਆਪਣੀਆਂ ਭਾਵਨਾਵਾਂ ਦਾ ਬਾਖ਼ੂਬੀ ਪ੍ਰਗਟਾਵਾ ਕਰਦੀ ਹੈ।

### ਇਕ

ਅੰਗਿਆਰ ਵਿਛਾਓ ਤੁਸੀਂ ਤੇ ਪੈਰ ਅਸੀਂ ਧਰੀਏ, ਅੱਜ ਸ਼ੌਕ ਤੁਹਾਡਾ ਏ ਕਿ ਹਰ ਹਾਲ ਅਸੀਂ ਮਰੀਏ।
ਚਿਹਰੇ ਤੇ ਝਲਕ ਆਉਂਦੀ ਏ, ਕਾਲਖ ਵੀ ਕਦੇ ਦਿਲ ਦੀ, ਚੰਗਾ ਏ ਜੇ ਸ਼ੀਸ਼ਾ ਵੀ ਕਦੇ, ਵੇਖ ਲਿਆ ਕਰੀਏ।
ਜਦ ਰੂਹ ਦੀ ਕਚਹਿਰੀ ਚੋਂ ਵੀ, ਨਿਕਲੇ ਹਾਂ ਬਰੀ ਹੋ ਕੇ, ਫਿਰ ਸਹਿਮ ਹਨੇਰੇ ਦਾ ਕੀ,ਤੂਫਾਨ ਤੋਂ ਕਿਉਂ ਡਰੀਏ।
ਉਹ ਹੋਂਦ ਦਾ ਰੌਲਾ ਐ ਤੇ ਇਹ ਹੋਂਦ ਤੋਂ ਇਨਕਾਰੀ, ਸੂਖ਼ਮ ਜਿਹਾ ਅੰਤਰ ਐ, ਇਹ ਭਰੀਏ ਤਾਂ ਕਿਵੇਂ ਭਰੀਏ।
ਝੁਲਸੀ ਹੋਈ ਇੱਜ਼ਤ ਦੀ, ਸੁਲਗਦੀ ਹੋਈ ਢੇਰੀ ਚੋਂ, ਬੇਟੀ ਨੂੰ ਪਛਾਨਣ ਦਾ ਇਹ ਸੰਤਾਪ ਕਿਵੇਂ ਜ਼ਰੀਏ।

### ਦੋ

ਪਏ ਨੇ ਜੀਵਨ ਦੇ ਪੈਰੀਂ ਛਾਲੇ, ਜੁਗਾਂ ਤੋਂ ਰਸਤੇ ਨਿਵੇਕਲੇ ਨੇ,
ਤੁਰੇ ਸਾਂ ਢੂੰਡਣ ਤੇਰਾ ਟਿਕਾਣਾ, ਮਿਲੇ ਸਵਾਲਾਂ ਦੇ ਸਿਲਸਿਲੇ ਨੇ।
ਇਧਰ ਹਵਾਵਾਂ ਦੀ ਸਰਸਰਾਹਟ,
ਉਧਰ ਸਿਆਸੀ ਭੰਵਰ ਦੀ ਆਹਟ,
ਇਹ ਸ਼ਬਦ ਹਨ ਕਾਇਨਾਤ ਸਾਰੀ,
ਉਹ ਸ਼ਬਦ ਸ਼ਬਨਮ ਤੋਂ ਪੇਤਲੇ ਨੇ।
ਸਮਾਧੀਆਂ ਵਿੱਚ ਅਡੋਲ ਤਨ ਦੀ,
ਸਥਿਰ ਨਾ ਹੋਈ ਅਵਸਥਾ ਮਨ ਦੀ,
ਇਹ ਭਾਵਨਾਵਾਂ ਦੇ ਸ਼ਾਂਤ ਸਾਗਰ,
ਉਹ ਜਵਾਰ ਭਾਟੇ ਜਾਂ ਵਲਵਲੇ ਨੇ।
ਕਰੂੰਬਲਾਂ ਦੇ ਲਗਰ ਬਣਨ ਤੱਕ,
ਅਬੋਧ ਕਲੀਆਂ ਖਿੜਨ ਪੁੜਨ ਤੱਕ,
ਹਰੇਕ ਰੁੱਖ ਰੱਖੇ ਹੋਸ਼ਮੰਦੀ, ਜੇ ਸੁਸਤ ਮਾਲੀ ਅਵੇਸਲੇ ਨੇ।
ਸੰਭਲ ਸੰਭਲ ਕੇ ਜ਼ਰਾ ਕੁ ਤੁਰੀਉ ,
ਹੇ ਸ਼ੋਖ਼ ਨਦੀਓਂ ਗਿਲਾ ਨਾ ਕਰੀਓ,
ਕਿ ਹੁਸਨ ਵਣ ਦਾ ਕਿੱਧਰ ਗਿਆ ਏ, ਤਮਾਮ ਬੇਲੇ ਤਾਂ ਰੇਤਲੇ ਨੇ।

**ਸੁਰਜੀਤ ਸਖੀ**
**ਅਮਰੀਕਾ**
**+1(408)791-7918**

## ਨਜ਼ਮ

## ਅਜ਼ੀਮ ਸ਼ੇਖਰ

ਅਜ਼ੀਮ ਸ਼ੇਖ਼ਰ ਇੰਗਲੈਂਡ ਵੱਸਦਾ ਪੰਜਾਬੀ ਕਵੀ ਹੈ। ਉਸ ਦੀ ਕਾਵਿ ਪੁਸਤਕ 'ਮੁੰਦਰਾਂ' ਨੇ ਪੰਜਾਬੀ ਸਾਹਿਤ ਜਗਤ 'ਚ ਇਕ ਦਹਾਕਾ ਪਹਿਲਾਂ ਭਰਵਾਂ ਸੁਆਗਤ ਕਰਵਾਇਆ ਸੀ।



### 'ਸ਼ਹਾਦਤ ਦੀ ਰੁੱਤ ਵੇਲੇ'

ਅੱਖਰ ਪੈਂਤੀ ਨੇ ਸੁਲਘਦੇ ਸ਼ਬਦ ਬਣਕੇ, ਤੇ ਸ਼ਬਦ ਜਗਣ ਚਿਰਾਗ਼ਾਂ ਦੀ ਲਾਟ ਵਾਂਗੂੰ,
ਸ਼ੁਰੂ ਹੁੰਦਾ ਹੈ ਸੋਚਾਂ ਦਾ ਸਫ਼ਰਨਾਮਾ
ਤੇ ਮਿਲੇ ਛਾਂ ਨਾ ਰੋਹੀ ਦੀ ਵਾਟ ਵਾਂਗੂੰ
ਜਿੰਦੇ ਟੁੱਟਦੇ ਮੰਨੋ ਗ਼ੁਲਾਮੀਆਂ ਦੇ ਤੇ
ਬਦਲ ਜਾਵੇ ਤਾਸੀਰ ਇਬਾਦਤਾਂ ਦੀ,
ਬੂਰ ਪੈਂਦਾ ਹੈ ਸਿਦਕ ਦੇ ਬੂਟਿਆਂ ਨੂੰ
ਆਉਂਦੀ ਜਦੋਂ ਹੈ ਰੁੱਤ ਸ਼ਹਾਦਤਾਂ ਦੀ
ਜੇਹੜੇ ਆਰੇ ਨੇ ਚੀਰਨੇ ਰੁੱਖ ਹੁੰਦੇ
ਆ ਕੇ ਟਿਕਣ ਉਹ ਅਣਖ ਦੀ ਧੌਣ ਉੱਤੇ,
ਰਹੇ ਸੀਨੇ 'ਚ ਮਿਟਣ ਦੀ ਸਿੱਕ ਏਦਾਂ
ਪਿਆਸਾ ਝੁਕੇ ਜਿਉਂ ਖ਼ੂਹ ਦੀ ਮੌਣ ਉੱਤੇ,
ਏਦਾਂ ਮਾਣਦੇ ਮਿਟਣ ਦਾ ਚਾਅ ਸੂਰੇ
ਹੋਵੇ ਵਿਆਹਾਂ 'ਚ ਖ਼ੁਸ਼ੀ ਜਿਉਂ ਦਾਅਵਤਾਂ ਦੀ,
ਬੂਰ ਪੈਂਦਾ ਹੈ ਸਿਦਕ ਦੇ ਬੂਟਿਆਂ ਨੂੰ
ਆਉਂਦੀ ਜਦੋਂ ਹੈ ਰੁੱਤ ਸ਼ਹਾਦਤਾਂ ਦੀ

ਪੈਰੀਂ ਬੇੜੀਆਂ ਬਣਦੀਆਂ ਸਾਜ਼ ਮਿੱਠੇ
ਤੇ ਹੱਥਕੜੀ ਵੀ ਜਾਪੇ ਸ਼ਿੰਗਾਰ ਵਾਂਗੂੰ,
ਹਰ ਜ਼ਖ਼ਮ ਵੀ ਜਾਪੇ ਅਸੀਸ ਵਰਗਾ
ਤੇ ਲੱਗੇ ਫਾਂਸੀ ਵੀ ਫੁੱਲਾਂ ਦੇ ਹਾਰ ਵਰਗੀ,
ਨਾਲ ਨਹੀਂ ਸਿਆਹੀ ਇਹ ਲਿਖੀ ਜਾਂਦੀ
ਕਥਾ ਲਹੂ ਹੀ ਲਿਖੇ ਬਗ਼ਾਵਤਾਂ ਦੀ,
ਬੂਰ ਪੈਂਦਾ ਹੈ ਸਿਦਕ ਦੇ ਬੂਟਿਆਂ ਨੂੰ ਆਉਂਦੀ
ਜਦੋਂ ਹੈ ਰੁੱਤ ਸ਼ਹਾਦਤਾਂ ਦੀ।
ਫ਼ਿਜ਼ਾ ਵਿੱਚ ਹੈ ਜਿੱਤ ਦਾ ਨਾਚ ਹੁੰਦਾ
ਪੀਤੇ ਜਾਣ ਜਦ ਜਾਮ ਸ਼ਹੀਦੀਆਂ ਦੇ,
ਮੇਟ ਸਕੇ ਨਾ ਕੋਈ ਜੋ ਲਿਖੇ ਰਹਿੰਦੇ
ਪੌਣਾਂ ਉੱਤੇ ਪੈਗ਼ਾਮ ਸ਼ਹੀਦੀਆਂ ਦੇ,
'ਸੇਵਾ ਦੇਸ਼ ਦੀ ਜਿੰਦੜੀਏ ਨਹੀਂ ਸੌਖੀ'
ਗੱਲ ਉੱਘੜੇ ਏਹੇ ਕਹਾਵਤਾਂ ਦੀ,
ਬੂਰ ਪੈਂਦਾ ਹੈ ਸਿਦਕ ਦੇ ਬੂਟਿਆਂ ਨੂੰ
ਆਉਂਦੀ ਜਦੋਂ ਹੈ ਰੁੱਤ ਸ਼ਹਾਦਤਾਂ ਦੀ

ਹੈ 'ਅਜ਼ੀਮ' ਅਕਾਲ ਸਹਾਇ ਤਾਂ ਹੀ
ਗੱਲ ਤੁਰੇ ਵਿਰਾਸਤੀ ਆਦਤਾਂ ਦੀ,
ਬੂਰ ਪੈਂਦਾ ਹੈ ਸਿਦਕ ਦੇ ਬੂਟਿਆਂ ਨੂੰ
ਆਉਂਦੀ ਜਦੋਂ ਹੈ ਰੁੱਤ ਸ਼ਹਾਦਤਾਂ ਦੀ

**ਅਜ਼ੀਮ ਸੇਖ਼ਰ**
**ਲੰਡਨ (ਇੰਗਲੈਂਡ)**

## ਕਹਾਣੀ

# ਅਸ਼ੀਰਵਾਦ

**ਜੱਸ ਮਾਨ**

ਜੱਸ ਮਾਨ ਜਿਲ੍ਹਾ ਲੁਧਿਆਣਾ ਦੀ ਜੰਮ-ਪਲ ਅਤੇ ਅੱਜ ਕੱਲ੍ਹ ਸਰੀ, (ਕੈਨੇਡਾ) ਵਿੱਚ ਰਹਿੰਦੀ ਪਰਵਾਸੀ ਪੰਜਾਬੀ ਲੇਖਿਕਾ ਹੈ। ਇਹਨਾ ਦਾ ਇੱਕ ਕਾਵਿ ਸੰਗ੍ਰਹਿ 'ਪਰ ਤੁਸੀਂ ਤਾਂ' ਅਤੇ ਇੱਕ ਕਹਾਣੀ ਸੰਗ੍ਰਹਿ 'ਸਾਜਨ ਕੀ ਬੇਟੀਆਂ' ਛਪ ਚੁੱਕਾ ਹੈ



ਜੁਲਾਈ ਦਾ ਮਹੀਨਾ ਸੀ।ਗਰਮੀ ਆਪਣਾ ਪੂਰਾ ਜੋਬਨ ਦਿਖਾ ਰਹੀ ਸੀ।ਦਿਨ ਦੇ ਅਜੇ ਦਸ ਕੁ ਹੀ ਵੱਜੇ ਸਨ ।ਅਚਾਨਕ ਟੈਲੀਫੂਨ ਦੀ ਘੰਟੀ ਟਰਨ-ਟਰਨ ਕਰਕੇ ਵੱਜਣੀ ਸ਼ੁਰੂ ਹੋ ਗਈ।ਰਾਜੀ ਕਿਚਨ ਵਿਚ ਕੰਮ ਕਰ ਰਹੀ ਸੀ। ਉਸਨੇ ਫਟਾ-ਫਟ ਆਪਣੇ ਗਿੱਲੇ ਹੱਥਾਂ ਨੂੰ ਕਿਚਨ ਟਾਵਲ ਨਾਲ ਪੂੰਝਿਆ ਤੇ ਜਾ ਕੇ ਫੋਨ ਉਠਾਇਆ।ਹੈਲੋ ਕਹੀ।

"ਮੈਂ ਦੀਪੀ।"

ਇਹ ਫੋਨ ਰਾਜੀ ਦੀ ਬਚਪਨ ਦੀ ਸਹੇਲੀ ਦੀਪੀ ਦਾ ਸੀ।

"ਕੀ ਗੱਲ ਅੱਜ ਕੰਮ ਤੇ ਨਹੀਂ ਗਈ" ਦੀਪੀ ਨੇ ਰਾਜੀ ਨੂੰ ਪੁੱਛਿਆ।

"ਅੱਜ ਮੇਰਾ ਡੇ ਆਫ ਹੈ।"

"ਅੱਜ ਫਿਰ ਕੀ ਪਲੈਨ ਹੈ

"ਅਜੇ ਤੱਕ ਤਾਂ ਕੋਈ ਨਹੀਂ"।

"ਅੱਛਾ"

"ਫਿਰ ਤੂੰ ਇੰਝ ਕਰ, ਅੱਜ ਬੀਜੀ ਨੂੰ ਮੇਰੇ ਘਰ ਛੱਡ ਜਾਹ।ਅੱਜ ਪੂਰਨਮਾਸ਼ੀ ਹੈ। ਮੈਂ ਗੁਰਦੁਵਾਰਾ ਸਾਹਿਬ ਜਾਣਾ ਹੈ। ਉਹ ਵੀ ਮੇਰੇ ਨਾਲ ਚਲੇ ਜਾਣਗੇ ਤੇ ਮੱਥਾ ਟੇਕ ਆਉਣਗੇ।"

ਦੀਪੀ ਥੋੜ੍ਹਾ ਜਿਹਾ ਰੁਕ ਕੇ ਫਿਰ ਰਾਜੀ ਨੂੰ ਆਖਣ ਲੱਗੀ,"ਰਾਜੀ ਜੇਕਰ ਅੱਜ ਤੂੰ ਘਰੇ ਕੁਝ ਨਹੀਂ ਕਰਨਾ, ਤੂੰ ਵੀ ਸਾਡੇ ਨਾਲ ਗੁਰਦੁਵਾਰਾ ਸਾਹਿਬ ਨੂੰ ਚੱਲ। ਬਹੁਤ ਹੀ ਚੰਗਾ ਲੱਗੇਗਾ। ਬਹੁਤ ਚਿਰ ਹੋ ਗਿਆ, ਆਪਾਂ ਨੂੰ ਕਿਤੇ ਇਕੱਠੀਆਂ ਗਈਆਂ ਨੂੰ"।

ਦੀਪੀ ਦਾ ਘਰ ਗੁਰਦੁਵਾਰਾ ਸਾਹਿਬ ਦੇ ਨੇੜੇ ਹੀ ਸੀ।ਉਸ ਦੀ ਉੱਥੇ ਬਹੁਤ ਹੀ ਸ਼ਰਧਾ ਸੀ। ਉਹ ਅਕਸਰ ਹੀ ਸਵੇਰੇ-ਸ਼ਾਮ ਉੱਥੇ ਮੱਥਾ ਟੇਕਣ ਜਾਂਦੀ ਸੀ ਤੇ ਸੇਵਾ ਵੀ ਕਰਦੀ ਸੀ। ਉਹ ਕਦੇ-ਕਦੇ ਰਾਜੀ ਦੇ ਬੀਜੀ ਨੂੰ ਵੀ ਘਰੋਂ ਆ ਕੇ ਲੈ ਜਾਇਆ ਕਰਦੀ ਜਾਂ ਫਿਰ ਰਾਜੀ ਬੀਜੀ ਨੂੰ ਉਸ ਦੇ ਘਰ ਛੱਡ ਦਿਆ ਕਰਦੀ ਸੀ।

ਬੀਜੀ ਆਪਣਾ ਮੱਥਾ ਟੇਕਦੇ ਤੇ ਕੁਝ ਚਿਰ ਬੈਠ ਕੇ ਬਾਣੀ ਸੁਣਦੇ।ਫਿਰ ਜਾਂ ਤਾਂ ਉਹ ਆਪ ਹੀ ਦੀਪੀ ਦੇ ਘਰ ਹੌਲੀ-ਹੌਲੀ ਤੁਰ ਕੇ ਚਲੇ ਜਾਂਦੇ ਜਾਂ ਫਿਰ ਮਿੱਥੇ ਹੋਏ ਸਮੇਂ ਅਨੁਸਾਰ ਦੀਪੀ ਆਪ ਹੀ ਉਹਨਾਂ ਨੂੰ ਗੁਰਦੁਵਾਰਾ ਸਾਹਿਬ ਤੋਂ ਚੁੱਕ ਲਿਆਉਂਦੀ ਸੀ। ਉਹ ਉਹਨਾਂ ਨੂੰ ਉਹਨਾਂ ਦੇ ਘਰ ਵੀ ਛੱਡ ਆਉਂਦੀ ਸੀ।

ਦੀਪੀ ਦੀ ਗੱਲ ਸੁਣ ਕੇ ਪਹਿਲਾਂ ਤਾਂ ਰਾਜੀ ਨਾਂਹ-ਨੁੱਕਰ ਜਿਹੀ ਕਰਨ ਲੱਗੀ ਫਿਰ ਉਸਨੇ ਛੇਤੀ ਹੀ ਆਪਣੇ ਮਨ ਨੂੰ ਮਨਾ ਲਿਆ। ਉਸਨੇ ਦੀਪੀ ਨੂੰ ਓ ਕੇ ਆਖ ਕੇ ਫੋਨ ਰੱਖ ਦਿੱਤਾ।ਉਹ ਘਰ ਦਾ ਕੰਮ ਕਾਹ਼ਲੀ-ਕਾਹ਼ਲੀ ਨਾ਼ਲ ਨਿਪਟਾਉਣ ਲੱਗ ਪਈ।ਬੀਜੀ ਨੂੰ ਵੀ ਉਸਨੇ ਥੱਲੇ ਅਵਾਜ਼ ਦੇ ਦਿੱਤੀ।

"ਬੀਜੀ ਜਲਦੀ ਨਾਲ ਤਿਆਰ ਹੋ ਜਾਵੋ।ਅੱਜ ਪੂਰਨਮਾਸ਼ੀ ਹੈ। ਆਪਾਂ ਗੁਰਦੁਵਾਰਾ ਸਾਹਿਬ ਮੱਥਾ ਟੇਕਣ ਜਾਣਾ ਹੈ।"

ਰਾਜੀ ਦੇ ਮੂੰਹੋਂ "ਗੁਰਦੁਵਾਰਾ ਸਾਹਿਬ ਜਾਣਾ ਹੈ" ਸੁਣ ਕੇ ਬੀਜੀ ਬਹੁਤ ਹੀ ਖੁਸ਼ ਹੋਏ। ਪੰਜ-ਛੇ ਸਾਲਾਂ ਦੇ ਜਦ ਤੋਂ ਉਹ ਕਨੇਡਾ ਆਏ ਸਨ। ਉਹਨਾਂ ਨੇ ਰਾਜੀ ਨੂੰ ਕਦੇ ਕਿਸੇ ਵੀ ਗੁਰਦੁਵਾਰਾ ਸਾਹਿਬ ਜਾਂਦੇ ਹੋਏ ਨਹੀਂ ਸੀ ਵੇਖਿਆ। ਉਹ ਘਰੇ ਹੀ ਸਵੇਰੇ-ਸ਼ਾਮ ਸੈਂਚੀਆਂ ਤੋਂ ਸ਼੍ਰੀ ਗੁਰੂ ਗਰੰਥ ਸਾਹਿਬ ਦਾ ਪਾਠ ਉੱਚੀ ਆਵਾਜ਼ ਵਿਚ ਕਰਿਆ ਕਰਦੀ ਸੀ, ਜੋ ਕਿ ਬੀਜੀ ਨੂੰ ਬਹੁਤ ਹੀ ਚੰਗਾ ਲੱਗਦਾ ਸੀ।ਰਾਜੀ ਵੀ ਅੱਜ ਬਹੁਤ ਖੁਸ਼ ਸੀ ਕਿ ਉਹ ਆਪਣੀ ਸਹੇਲੀ ਦੇ ਨਾਲ ਸਮਾਂ ਬਿਤਾਵੇਗੀ।

ਕਿਸੇ ਵੀ ਧਾਰਮਿਕ ਸਥਾਨ ਤੇ ਜਾਣ ਦੇ ਨਾਂ ਤੇ ਬੀਜੀ ਅਕਸਰ ਹੀ ਬੜੀ ਜਲਦੀ ਤਿਆਰ ਹੋ ਜਾਇਆ ਕਰਦੇ ਸਨ। ਅੱਜ ਤਾਂ ਉਹਨਾਂ ਨੇ ਹੋਰ ਵੀ ਜਲਦੀ ਤਿਆਰ ਹੋ ਕੇ ਰਾਜੀ ਨੂੰ ਵੀ ਆਵਾਜ਼ ਦੇ ਦਿੱਤੀ ਸੀ ਕਿ ਰਾਜ ਮੈਂ ਤਾਂ ਤਿਆਰ ਹਾਂ ਤੂੰ ਵੀ ਬਹੁਤੀ ਦੇਰ ਨਾ ਲਾ। ਆਪਾਂ ਛੇਤੀ ਚੱਲੀਏ। ਬੀਜੀ ਉਸ ਸਮੇਂ ਬਹੁਤ ਖੁਸ਼ ਸਨ ਕਿਉਂਕਿ ਉਹ ਪਹਿਲੀ ਵਾਰੀ ਰਾਜੀ ਦੇ ਨਾਲ ਗੁਰੂ ਘਰ ਜਾ ਰਹੇ ਸਨ। ਰਾਜੀ ਵੀ ਆਪਣਾ ਕੰਮ ਮੁਕਾ ਕੇ ਫਟਾ-ਫਟ ਤਿਆਰ ਹੋ ਗਈ ਅਤੇ ਬੀਜੀ ਨੂੰ ਨਾ਼ਲ ਲੈ ਕੇ ਦੀਪੀ ਦੇ ਘਰ ਪਹੁੰਚ ਗਈ।

ਦੀਪੀ ਦੇ ਘਰੋਂ ਬਿਨਾਂ ਕੁਝ ਖਾਧਿਆਂ-ਪੀਤਿਆਂ ਦੀਪੀ ਨੂੰ ਨਾਲ ਲੈ ਕੇ ਤਿੰਨੋਂ ਜਣੀਆਂ ਗੁਰਦੁਵਾਰਾ ਸਾਹਿਬ ਪਹੁੰਚ ਗਈਆਂ।ਹੱਥ ਸੁੱਚੇ ਕਰਨ ਉਪਰੰਤ ਉਹਨਾਂ ਤਿੰਨਾਂ ਨੇ ਸ਼੍ਰੀ ਗੁਰੂ ਗਰੰਥ ਸਾਹਿਬ ਸਾਹਮਣੇ ਮੱਥਾ ਟੇਕਿਆ, ਦੇਗ ਲਈ ਤੇ ਸਭ ਤੋਂ ਪਿੱਛੇ ਜਾ ਕੇ ਜਿੱਥੇ ਕੁਝ ਬੈਂਚ ਰੱਖੇ ਹੋਏ ਸਨ, ਬੈਠ ਗਈਆਂ। ਬੀਜੀ ਬੈਂਚ ਉੱਪਰ ਬੈਠ ਗਏ

ਕਿਉਂਕਿ ਉਹਨਾਂ ਦੇ ਗੋਡਿਆਂ ਦਾ ਉਪਰੇਸ਼ਨ ਹੋਇਆ ਹੋਇਆ ਸੀ ਉਹ ਦੋਨੋਂ ਸਹੇਲੀਆਂ ਪਿੱਛੇ ਕੰਧ ਨੂੰ ਢੋਹ ਲਾ ਕੇ ਬੈਠ ਗਈਆਂ। ਗੁਰਦੁਵਾਰਾ ਸਾਹਿਬ ਵਿਚ ਕਾਫੀ ਸੰਗਤ ਪਹਿਲਾਂ ਹੀ ਬੈਠੀ ਹੋਈ ਸੀ। ਬਹੁਤ ਹੀ ਅਨੰਦਮਈ ਕੀਰਤਨ ਹੋ ਰਿਹਾ ਸੀ। ਕੀਰਤਨ ਸਮਾਪਤ ਹੋਣ ਉਪਰੰਤ ਇਕ ਭਾਈ ਨੇ ਬੇਨਤੀ ਕੀਤੀ ਤੇ ਦੱਸਿਆ ਕਿ ਮਹਾਂਪੁਰਸ਼ ਆਪਣੇ ਕੋਲੇ ਇੰਡੀਆ ਤੋਂ ਪਹੁੰਚ ਚੁੱਕੇ ਹਨ। ਉਹ ਅੱਜ ਸ਼ਾਮ ਨੂੰ ਸਾਡੇ ਛੇ ਵਜੇ ਤੋਂ ਅੱਠ ਵਜੇ ਤੱਕ ਦੀਵਾਨ ਸਜਾਉਣਗੇ। ਸੋ ਸਾਰੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਭਾਈ ਆਪੋ-ਆਪਣੇ ਘਰਾਂ ਦਾ ਕੰਮ ਜਲਦੀ ਨਾਲ ਨਿਪਟਾ ਕੇ ਆਪੋ-ਆਪਣੇ ਪਰਿਵਾਰਾਂ ਸਮੇਤ ਗੁਰੂ ਘਰ ਪਹੁੰਚਣ ਦੀ ਕ੍ਰਿਪਾਲਤਾ ਕਰੋ ਅਤੇ ਆਪਣੇ ਜੀਵਨ ਨੂੰ ਸਫਲ ਬਣਾਓ। ਭਾਈ ਜੀ ਨੇ ਇਹ ਵੀ ਕਿਹਾ ਕਿ ਭਾਈ ਮਹਾਂਪੁਰਸ਼ਾਂ ਦੇ ਬਚਨ ਸੁਣਨ ਦੇ ਮੌਕੇ ਜੀਵਨ ਵਿਚ ਵਾਰ-ਵਾਰ ਨਹੀਂ ਮਿਲਦੇ।ਤੁਸੀਂ ਸਾਰੇ ਭਾਗਾਂ ਵਾਲੇ ਹੋ ਸੋ ਦੀਵਾਨ ਵਿਚ ਪਰਿਵਾਰਾਂ ਸਮੇਤ ਹੁੰਮ-ਹੁੰਮਾਂ ਕੇ ਪਹੁੰਚਣਾ। ਭਾਈ ਜੀ ਦੀ ਬੇਨਤੀ ਅਜੇ ਖਤਮ ਨਹੀਂ ਸੀ ਹੋਈ।ਰਾਜੀ ਨੇ ਦੀਪੀ ਨੂੰ ਹੌਲ਼ੀ ਜਿਹੀ ਪੁੱਛਿਆ,"ਕਿਹੜੇ ਮਹਾਂਪੁਰਸ਼ ਦੀਪੀ?"

"ਉਹੀ ਬਾਬਾ ਮਾਲਾ ਜੀ।"

ਬਾਬਾ ਮਾਲਾ ਜੀ ਦਾ ਨਾਂ ਸੁਣ ਕੇ ਰਾਜੀ ਨੂੰ ਦਸ-ਬਾਰਾਂ ਸਾਲਾਂ ਦੀ ਵਾਪਰੀ ਸਾਰੀ ਕਹਾਣੀ ਯਾਦ ਆ ਗਈ। ਜਦੋਂ ਉਹ ਏਸੇ ਹੀ ਥਾਂ ਤੇ ਆਪਣੇ ਬੇਟੇ ਨੂੰ ਨਾਲ ਲੈ ਕੇ ਬਾਬਾ ਮਾਲਾ ਜੀ ਦੇ ਦਰਸ਼ਨ ਕਰਨ ਆਈ ਸੀ। ਇੱਥੇ ਲੰਗਰ ਹਾਲ ਦੇ ਪਿੱਛੇ ਇਕ ਛੋਟਾ ਜਿਹਾ ਕਮਰਾ ਸੀ ਤੇ ਉਸ ਅੱਗੇ ਵੱਡਾ ਸਾਰਾ ਵਰਾਂਡਾ। ਉਸੇ ਕਮਰੇ ਵਿਚ ਇਹ ਬਾਬਾ ਮਾਲਾ ਜੀ ਇਕ ਬਹੁਤ ਹੀ ਵਧੀਆ ਕਿਸਮ ਦੇ ਗੱਦੇ ਤੇ ਬਿਰਾਜਮਾਨ ਸਨ। ਉਹਨਾਂ ਦੇ ਅੱਗੇ-ਪਿੱਛੇ ਪੁੱਛਾਂ ਪੁੱਛਣ ਵਾਲਿਆਂ ਦੀ ਬਹੁਤ ਹੀ ਭੀੜ ਲੱਗੀ ਹੋਈ ਸੀ ਜੋ ਕਿ ਬਾਹਰ ਵਰਾਂਡੇ ਤੱਕ ਆਈ ਪਈ ਸੀ। ਸ਼ਾਇਦ ਮਰਦਾਂ ਨਾਲੋਂ ਔਰਤਾਂ ਦੀ ਗਿਣਤੀ ਵਧੇਰੇ ਸੀ। ਇਕੱਲਾ-ਇਕੱਲਾ ਪਰਿਵਾਰ ਬਾਬਾ ਜੀ ਦੇ ਕੋਲ ਭੁਗਤ ਰਿਹਾ ਸੀ।ਸੰਗਤਾਂ ਨੂੰ ਬੇਨਤੀ ਕੀਤੀ ਗਈ ਸੀ ਕਿ ਬਾਬਾ ਜੀ ਪੈਸੇ ਨੂੰ ਹੱਥ ਨਹੀਂ ਲਾਉਂਦੇ ਪਰ ਫਿਰ ਵੀ ਜੇ ਕਿਸੇ ਦੀ ਸ਼ਰਧਾ ਹੋਵੇ ਤਾਂ ਬਾਬਾ ਜੀ ਦਾ ਗੱਦਾ ਸੱਜੇ ਪਾਸਿਉਂ ਥੋੜਾ ਜਿਹਾ ਉੱਪਰ ਚੁੱਕ ਕੇ ਮਾਇਆ ਹੇਠਾਂ ਵੀ ਰੱਖੀ ਜਾ ਸਕਦੀ ਹੈ। ਸੋ ਸੰਗਤਾਂ ਇਸ ਗੱਦੇ ਵਾਲੇ ਸਿਧਾਂਤ ਨੂੰ ਅਪਣਾ ਰਹੀਆਂ ਸਨ ਤੇ ਬਾਬਾ ਜੀ ਦੇ ਕੋਲ਼ ਅਰਜਾਂ ਕਰ ਰਹੀਆਂ ਸਨ। ਰਾਜੀ ਦੇ ਦੇਖਣ ਵਿਚ ਆਇਆ ਸੀ ਕਿ ਜਿਹੜੀਆਂ ਸੰਗਤਾਂ ਬਾਬਾ ਜੀ ਨੂੰ ਘੱਟ ਪੈਸਿਆਂ ਦਾ ਮੱਥਾ ਟੇਕ ਰਹੀਆਂ ਸਨ ਬਾਬਾ ਜੀ ਉਹਨਾਂ ਨੂੰ ਸਹੀ ਜੁਆਬ ਨਹੀਂ ਦੇ ਰਹੇ ਸਨ। ਉੱਥੇ ਇਕ ਔਰਤ ਨੇ ਸਿਰਫ ਪੰਜ ਡਾਲਰ ਹੀ ਮੱਥਾ ਟੇਕੇ ਸਨ ਤੇ ਬੇਨਤੀ ਕੀਤੀ ਸੀ, "ਬਾਬਾ ਜੀ ਮੇਰਾ ਬੇਟਾ ਲੁਧਿਆਣੇ ਇੰਜਨੀਅਰਿੰਗ ਕਰ ਰਿਹਾ ਹੈ।ਕਿਰਪਾ ਕਰਕੇ ਉਸਨੂੰ ਅਸ਼ੀਰਵਾਦ ਦਿਉ ਤਾਂ ਕਿ ਉਹ ਵਧੀਆ ਨੰਬਰ ਲੈ ਕੇ ਪਾਸ ਹੋ ਜਾਵੇ"

ਬਾਬਾ ਜੀ ਨੇ ਉਸਨੂੰ ਅੱਗੋਂ ਕਿਹਾ ਸੀ,"ਮੈਂ ਕਿਉਂ ਉਸਨੂੰ ਅਸ਼ੀਰਵਾਦ ਦੇਵਾਂ।ਮੈਂ ਕਿਹੜਾ ਉਸਨੂੰ ਜਾਣਦਾ ਹਾਂ।"

ਉਦੋਂ ਉਸ ਵਿਚਾਰੀ ਔਰਤ ਨੂੰ ਉਥੋਂ ਬਿਨਾ ਅਸ਼ੀਰਵਾਦ ਦੇ ਨਿਮੋਝੂਣੀ ਜਿਹੀ ਹੋ ਕੇ ਉਠਣਾ ਪਿਆ ਸੀ। ਮੈਂ ਬਾਬਾ ਜੀ ਦਾ ਇਹ ਜੁਆਬ ਸੁਣ ਕੇ ਹੈਰਾਨ ਸਾਂ ਕਿ ਮਹਾਂਪੁਰਸ਼ ਤਾਂ ਸਾਰੀ ਦੁਨੀਆਂ ਦੇ ਜਾਣੀਜਾਣ ਹੁੰਦੇ ਹਨ ਪਰ ਇਹ ਬਾਬਾ ਜੀ ਉਸ ਮੁੰਡੇ ਬਾਰੇ ਕਿਉਂ ਨਹੀਂ ਜਾਣਦੇ। ਉਸ ਔਰਤ ਪਿੱਛੋਂ ਇਕ ਹੋਰ ਅਧਖੜ੍ਹ ਉਮਰ ਦੀ ਔਰਤ ਦੀ ਵਾਰੀ ਆਈ ਸੀ। ਜਿਸਨੇ ਆਪਣੇ ਪਰਸ ਵਿਚੋਂ ਦੋ ਵੀਹਾਂ-ਵੀਹਾਂ ਦੇ ਨੋਟ ਕੱਢੇ ਸਨ ਤੇ ਬਾਬੇ ਦੇ ਗੱਦੇ ਥੱਲੇ ਰੱਖਦੀ ਨੇ ਕਿਹਾ ਸੀ। "ਬਾਬਾ ਜੀ ਮੇਰਾ ਬਲੱਡ ਪ੍ਰੈਸ਼ਰ ਬਹੁਤ ਹੀ ਵਧਦਾ ਹੈ।ਇਸ ਤੇ ਕਿਰਪਾ ਕਰੋ ਤੇ ਕੋਈ ਇਲਾਜ ਦੱਸੋ"

ਬੀਬੀ ਜੀ ਦੇ ਬਲੱਡ ਪ੍ਰੈਸ਼ਰ ਦਾ ਨਾਂ ਲੈਣ ਦੀ ਦੇਰ ਹੀ ਸੀ ਕਿ ਬਾਬਾ ਜੀ ਨੂੰ ਆਪਣੇ ਬਲੱਡ ਪ੍ਰੈਸ਼ਰ ਦੀ ਦਵਾਈ ਦਾ ਚੇਤਾ ਆ ਗਿਆ ਸੀ ਜੋ ਕਿ ਅੱਜ ਸਵੇਰ ਤੋਂ ਲਈ ਹੀ ਨਹੀਂ ਸੀ ਗਈ। ਬਾਬੇ ਨੇ ਆਪਣੀ ਬਲੱਡ ਪ੍ਰੈਸ਼ਰ ਵਾਲੀ ਦੁਆਈ ਵਾਲੀ ਡੱਬੀ ਨੂੰ ਅਜੇ ਹੱਥ ਲਾਇਆ ਹੀ ਸੀ ਤਾਂ ਇਕ ਸੇਵਕ ਨੇ ਡੱਬੀ ਦਾ ਢੱਕਣ ਖੋਲਣ ਲਈ ਆਪਣਾ ਹੱਥ ਅੱਗੇ ਨੂੰ ਵਧਾਇਆ ਤੇ ਦੂਜਾ ਸੇਵਕ ਪਾਣੀ ਦਾ ਗਲਾਸ ਲੈਣ ਲਈ ਦੌੜਿਆ ਸੀ। ਮੈਂ ਇਹ ਵੇਖ ਕੇ ਹੈਰਾਨ ਸਾਂ ਕਿ ਜੋ ਬਾਬਾ ਖੁਦ ਬਲੱਡ ਪ੍ਰੈਸ਼ਰ ਦੀ ਦਵਾਈ ਖਾ ਰਿਹਾ ਹੈ ਉਹ ਦੂਜਿਆਂ ਦਾ ਬਲੱਡ ਪ੍ਰੈਸ਼ਰ ਕਿਵੇਂ ਠੀਕ ਕਰ ਸਕਦਾ ਹੈ।

ਫਿਰ ਇਸ ਬਲੱਡ ਪ੍ਰੈਸ਼ਰ ਵਾਲੀ ਬੀਬੀ ਤੋਂ ਬਾਅਦ ਇਕ ਹੋਰ ਨੌਜਵਾਨ ਬੀਬੀ ਨੂੰ ਅਵਾਜ਼ ਪਈ । ਉਸ ਦੇ ਨਾਲ ਇੱਕ ਸੱਤ-ਅੱਠ ਦਾ ਬੱਚਾ ਸੀ। ਬਹੁਤ ਹੀ ਪਿਆਰਾ ਤੇ ਸਿਰ ਛੋਟਾ ਜਿਹਾ ਜੂੜਾ। ਮੇਰੇ ਬੇਟੇ ਰਮਣੀਕ ਦਾ ਹਾਣੀ ਹੀ ਲੱਗ ਰਿਹਾ ਸੀ ਜੋ ਕਿ ਆਪਣੀ ਮਾਂ ਦੇ ਨਾਲ ਲੱਗਿਆ ਬੈਠਾ ਸੀ। ਉਸ ਬੱਚੇ ਦੀ ਮਾਂ ਨੇ ਸੌ ਦਾ ਨੋਟ ਕੱਢਿਆ ਤੇ ਬਾਬਾ ਜੀ ਦੇ ਗੱਦੇ ਹੇਠ ਰੱਖ ਦਿੱਤਾ ਤੇ ਆਪਣਾ ਸਿਰ ਵੀ ਕਿੰਨਾਂ ਚਿਰ ਬਾਬਾ ਜੀ ਦੇ ਗੋਡਿਆਂ ਉੱਪਰ ਟਿਕਾ ਛੱਡਿਆ।ਉਸਨੇ ਬਾਬਾ ਜੀ ਨੂੰ ਕਿਹਾ,"ਬਾਬਾ ਜੀ ਇਹ ਮੇਰਾ ਬੇਟਾ ਹੈ ਗੁਰਚੇਤ ਸਿੰਘ।ਇਸ ਤੇ ਆਪਣੀ ਕਿਰਪਾ ਕਰੋ।"

ਬਾਬੇ ਨੇ ਉਸ ਔਰਤ ਨੂੰ ਕਿਹਾ,"ਇਸ ਤੇ ਬਾਬਿਆਂ ਦੀ ਪੂਰੀ ਕਿਰਪਾ ਹੈ।ਇਹ ਮੁੰਡਾ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰੇਗਾ। ਇਸ ਨੂੰ ਸਕੂਲੋਂ ਛੁੱਟੀ ਹੁੰਦਿਆਂ ਸਾਰ ਹੀ ਇੱਥੇ ਲਿਆਇਆ ਕਰੋ। ਕਿਤੇ ਹੋਰ ਨਾ ਜਾਣ ਦਿਆ ਕਰੋ।"

ਬਾਬਿਆਂ ਦੇ ਇਸ ਅਸ਼ੀਰਵਾਦ ਤੋਂ ਉਸ ਮੁੰਡੇ ਦੀ ਮਾਂ ਤਾਂ ਜ਼ਰੂਰ ਖੁਸ਼ ਹੋ ਗਈ ਸੀ ਪਰ ਮੈਂ ਸੋਚ ਰਹੀ ਸਾਂ ਕਿ ਸਕੂਲ ਤੋਂ ਬਾਅਦ ਸਿੱਧਾ, ਏਥੇ ਇਸਦੇ ਹੋਮ ਵਰਕ ਦਾ ਕੀ ਬਣੇਗਾ। ਗੇਮਜ਼ ਦੇ ਵਿਚ ਕਿੰਝ ਜਾਵੇਗਾ।

ਮੈਂ ਅਜੇ ਉਸ ਮੁੰਡੇ ਵਾਰੇ ਸੋਚ ਹੀ ਰਹੀ ਸਾਂ ਤੇ ਮੈਨੂੰ ਵੀ ਬਾਬਾ ਜੀ ਅੱਗੇ ਭੁਗਤਣ ਦੀ ਆਵਾਜ਼ ਪੈ ਗਈ। ਮੈਂ ਖਾਲੀ ਹੱਥੀਂ ਹੀ ਬਾਬਾ ਜੀ ਦੇ ਪੈਰੀਂ ਹੱਥ

ਲਗਾਉਣ ਦੀ ਬਜਾਏ ਆਪਣੇ ਦੋਨੋ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈ। ਜੋ ਕਿ ਬਾਬੇ ਨੂੰ ਜਰਾ ਵੀ ਚੰਗੀ ਨਹੀਂ ਸੀ ਲੱਗੀ। ਮੈਂ ਬਾਬਾ ਜੀ ਨੂੰ ਆਪਣੇ ਸੱਤ-ਅੱਠ ਸਾਲ ਦੇ ਬੇਟੇ ਵੱਲ ਨੂੰ ਇਸ਼ਾਰਾ ਕਰਦੀ ਹੋਈ ਨੇ ਕਿਹਾ,"ਬਾਬਾ ਜੀ ਇਹ ਮੇਰਾ ਬੇਟਾ ਹੈ, ਰਮਣੀਕ ਸਿੰਘ। ਇਸ ਨੂੰ ਅਸ਼ੀਰਵਾਦ ਦਿਓ ਤਾਂ ਕਿ ਇਹ ਬਹੁਤੀ-ਬਹੁਤੀ ਪੜ੍ਹਾਈ ਕਰ ਸਕੇ।"

ਮੇਰੀ ਅਰਜ਼ ਅਜੇ ਪੂਰੀ ਵੀ ਨਹੀਂ ਸੀ ਹੋਈ ਕਿ ਬਾਬੇ ਨੇ ਵਿਚੇ ਹੀ ਟੋਕ ਦਿੱਤਾ ਤੇ ਕਿਹਾ,"ਮੈਂ ਕਿਉਂ ਇਸਨੂੰ ਅਸ਼ੀਰਵਾਦ ਦੇਵਾਂ। ਇਸ ਦੇ ਤਾਂ ਵਾਲ ਕੱਟੇ ਹੋਏ ਨੇ। ਇਸ ਦਾ ਤਾਂ ਦਿਮਾਗ ਨਹੀਂ ਹੈ ...ਕਿਉਂਕਿ ਵਾਲ ਕੱਟਣ ਵਾਲਿਆਂ ਦਾ ਦਿਮਾਗ ਨਹੀਂ ਹੁੰਦਾ।"

ਬਾਬੇ ਦੀ ਗੱਲ ਸੁਣ ਕੇ ਮੇਰੇ ਪੈਰਾਂ ਥੱਲਿਉਂ ਜ਼ਮੀਨ ਨਿਕਲ਼ ਗਈ। ਮੈਂ ਭਰੇ ਹੋਏ ਮਨ ਨਾਲ ਉੱਥੋਂ ਉੱਠ ਕੇ ਬਾਹਰ ਆ ਗਈ। ਜ਼ਲਦੀ-ਜਲਦੀ ਘਰ ਪਹੁੰਚੀ। ਘਰੇ ਆ ਕੇ ਮੈਂ ਸਾਰੀ ਗੱਲ ਆਪਣੇ ਪਤੀ ਸੁਰਜੀਤ ਨੂੰ ਦੱਸੀ। ਅੱਗੋਂ ਸੁਰਜੀਤ ਵੀ ਮੈਨੂੰ ਟੁੱਟ ਕੇ ਪੈ ਗਿਆ ਤੇ ਕਹਿਣ ਲੱਗਾ,"ਰਾਜ ਤੈਨੂੰ ਕਿੰਨੀ ਵਾਰੀ ਕਿਹਾ ਕਿ ਤੂੰ ਇਹਨਾਂ ਬਾਬਿਆਂ-ਬੂਬਿਆਂ ਤੇ ਨਾ ਭਰੋਸਾ ਕਰਿਆ ਕਰ। ਇਹਨਾਂ ਨੂੰ ਪਤਾ-ਪੁਤਾ ਕੁਝ ਨਹੀਂ ਹੁੰਦਾ ਬੱਸ ਐਂਵੇ ਹੀ ਇਹ ਲੋਕਾਂ ਨੂੰ ਬੁੱਧੂ ਬਣਾਉਂਦੇ ਹਨ।"

ਉਸਨੇ ਥੋੜਾ ਨਰਮ ਹੋ ਕੇ ਤੇ ਹੱਸ ਕੇ ਇਹ ਵੀ ਕਿਹਾ ਸੀ ਕਿ ਤੂੰ ਉਸ ਸਾਧ ਨੂੰ ਪੁੱਛਣਾ ਸੀ ਕਿ ਜਿਹੜੇ ਲੋਕ ਚੰਦ ਤੇ ਗਏ ਹਨ ਕੀ ਉਹਨਾਂ ਦੇ ਵਾਲ਼ ਨਹੀਂ ਸੀ ਕੱਟੇ ਹੋਏ "ਕੀ ਕੱਟੇ ਹੋਏ ਵਾਲਾਂ ਵਾਲਾ ਕੋਈ ਡਾਕਟਰ, ਇੰਜੀਨੀਅਰ ਜਾਂ ਫਿਰ ਪਾਇਲਟ ਨਹੀਂ ਹੈ" ਰਾਜੀ ਦੇ ਪਤੀ ਦਿਆਂ ਬੋਲਾਂ ਵਿਚ ਕੜਵਾਹਟ ਤਾਂ ਜ਼ਰੂਰ ਸੀ ਪਰ ਸੌ ਫੀਸਦੀ ਸੱਚਾਈ ਵੀ ਝਲਕ ਰਹੀ ਸੀ ਜੋ ਕਿ ਰਾਜੀ ਨੂੰ ਆਤਮ ਸਕੂਨ ਦੇ ਰਹੀ ਸੀ।

ਇਸ ਘਟਨਾ ਤੋਂ ਬਾਅਦ ਰਾਜੀ ਨੇ ਇਹ ਫੈਸਲਾ ਕੀਤਾ ਸੀ ਕਿ ਉਹ ਅੱਜ ਤੋਂ ਬਾਅਦ ਕਿਸੇ ਵੀ ਅਜਿਹੀ ਥਾਂ ਤੇ ਨਹੀਂ ਜਾਵੇਗੀ ਜਿੱਥੇ ਇਹੋ ਜਿਹੇ ਠੱਗ ਬਾਬੇ ਆਉਂਦੇ ਹੋਣ ਜੋ ਕਿ ਭੋਲੇ-ਭਾਲ਼ੇ ਲੋਕਾਂ ਨੂੰ ਆਪਣੇ ਜਾਲ ਵਿਚ ਫਸਾ ਕੇ ਉਹਨਾਂ ਦੀ ਦਸਾਂ ਨੌਂਹਾਂ ਦੀ ਕਮਾਈ ਡਕਾਰਦੇ ਹੋਣ। ਇਸ ਘਟਨਾ ਤੋਂ ਬਾਅਦ ਰਾਜੀ ਨੇ ਸ਼੍ਰੀ ਗੁਰੂ ਗਰੰਥ ਸਾਹਿਬ ਦੀਆਂ ਸੈਂਚੀਆਂ ਲਿਆਂਦੀਆਂ ਤੇ ਘਰ ਪਾਠ ਕਰਨਾ ਸ਼ੁਰੂ ਕਰ ਦਿੱਤਾ ਤੇ ਆਪਣੇ ਜੀਵਨ ਨੂੰ ਵੀ ਸ਼੍ਰੀ ਗੁਰੂ ਗਰੰਥ ਸਾਹਿਬ ਦੇ ਅਸੂਲਾਂ ਅਨੁਸਾਰ ਢਾਲ ਲਿਆ ਸੀ।ਉਸਨੇ ਆਪਣੇ ਬੇਟੇ ਨੂੰ ਹਰ ਤਰ੍ਹਾਂ ਦੀਆਂ ਐਕਟਿਵੀਟੀਜ਼ ਵਿਚ ਪਾਇਆ ਅਤੇ ਨਾਲ-ਨਾਲ ਉਸਦੇ ਨਾਲ ਖੁਦ ਬੈਠ ਕੇ ਉਸਨੂੰ ਪੜ੍ਹਾਈ ਕਰਵਾਈ।ਜਿਸ ਕਰਕੇ ਅੱਜ ਰਮਣੀਕ ਯੂਨੀਵਰਸਿਟੀ ਜਾਂਦਾ ਹੈ।

ਰਾਜੀ ਆਪਣੇ ਸੋਚਾਂ ਦੇ ਸਮੁੰਦਰ ਵਿਚ ਪੂਰੀ ਤਰ੍ਹਾਂ ਡੁੱਬ ਚੁੱਕੀ ਸੀ ਤੇ ਅਚਾਨਕ ਦੀਪੀ ਨੇ ਉਸਦਾ ਮੋਢਾ ਹਲੂਣਿਆ ਤੇ ਕਿਹਾ,"ਚੱਲ ਹੁਣ ਚੱਲੀਏ। ਪਹਿਲਾਂ ਆਉਂਦੀ ਨਹੀਂ ਸੀ ਹੁਣ ਸਮਾਧੀ ਲਾਈ ਬੈਠੀ ਐ।" ਦੀਪੀ ਪਹਿਲਾਂ ਵੀ ਰਾਜੀ ਨੂੰ ਦੋ ਵਾਰ ਉੱਠਣ ਲਈ ਕਹਿ ਰਹੀ ਸੀ। ਪਰ ਰਾਜੀ ਤਾਂ ਆਪਣੀਆਂ ਸੋਚਾਂ ਵਿਚ ਪੂਰੀ ਤਰ੍ਹਾਂ ਗੁਆਚ ਚੁੱਕੀ ਸੀ।

"ਨਹੀਂ ,ਚੱਲ। ਰਾਜੀ ਨੇ ਆਪਣੇ ਆਪ 'ਚੋਂ ਬਾਹਰ ਆਉਂਦਿਆਂ ਦੀਪੀ ਨੂੰ ਕਿਹਾ।"

ਉੱਥੋਂ ਉੱਠ ਉਹਨਾਂ ਤਿੰਨਾਂ ਨੇ ਫਿਰ ਸ਼੍ਰੀ ਗੁਰੁ ਗਰੰਥ ਸਾਹਿਬ ਅੱਗੇ ਮੱਥਾ ਟੇਕਿਆ ਤੇ ਬਾਹਰ ਆ ਗਈਆਂ। ਦੀਪੀ ਤੇ ਬੀਜੀ ਤਾਂ ਵਾਸ਼ਰੂਮ ਚਲੀਆਂ ਗਈਆਂ। ਰਾਜੀ ਅਜੇ ਆਪਣੀ ਜੁੱਤੀ ਪਾ ਰਹੀ ਸੀ ਤਾਂ ਉਸ ਦੀ ਨਜ਼ਰ ਅਚਾਨਕ ਇਕ ਅੱਲੜ ਜਿਹੇ ਮੁੰਡੇ ਤੇ ਪਈ। ਜਿਸ ਨੇ ਛੋਟੀ ਜਿਹੀ ਗੋਲ ਪੱਗ ਤੇ ਗਲ ਚਿੱਟਾ ਚੋਲ਼ਾ ਪਾਇਆ ਹੋਇਆ ਸੀ।ਦੇਖਣ ਨੂੰ ਉਮਰ ਤਾਂ ਏਨੀ ਨਹੀਂ ਸੀ ਲੱਗ ਰਹੀ ਪਰ ਭਾਰ ਏਨਾ ਵਧਿਆ ਹੋਇਆ ਸੀ ਜੋ ਕਿ ਉਸਦੇ ਛੋਟੇ ਕੱਦ ਨੂੰ ਹੋਰ ਵੀ ਛੋਟਾ ਕਰ ਰਿਹਾ ਸੀ। ਇਸ ਗੋਲ਼ ਮਟੋਲ਼ ਮੁੰਡੇ ਦੇ ਆਸੇ-ਪਾਸੇ ਤਿੰਨ-ਚਾਰ ਆਦਮੀ ਤੇ ਚਾਰ-ਪੰਜ ਬੱਚੇ ਖੜ੍ਹੇ ਹੋਏ ਸਨ। ਜੋ ਕੇ ਆਪਣੇ ਹੀ ਅੰਦਾਜ਼ ਵਿਚ ਦਸਾਂ ਗੁਰੂਆਂ ਦੇ ਨਾਮ ਪੜ੍ਹ ਰਿਹਾ ਸੀ ਤੇ ਅਖੀਰ ਵਿਚ ਕਹਿਣ ਲੱਗਾ,"ਫਿਰ ਆਪਣੇ ਬਾਬਾ ਜੀ।" ਆਪਣੇ ਬਾਬਾ ਜੀ ਦਾ ਨਾਂ ਸੁਣ ਕੇ ਸਾਰੇ ਉੱਚੀ-ਉੱਚੀ ਹੱਸ ਪਏ। ਰਾਜੀ ਅਜੇ ਸੋਚ ਹੀ ਰਹੀ ਸੀ ਕਿ ਇਹ ਆਪਣੇ ਬਾਬਾ ਜੀ ਕੌਣ ਹੋਏ "ਏਨੇ ਨੂੰ ਦੀਪੀ ਨੇ ਉਸਨੂੰ ਆ ਕੇ ਕਿਹਾ,"ਚੱਲ ਚੱਲੀਏ।"

"ਚੱਲਦੇ ਹਾਂ।"

ਦੀਪੀ ਪਹਿਲਾਂ ਇਹ ਦੱਸ ਇਹ ਮੁੰਡਾ ਕੌਣ ਹੈ

"ਗੁਰਚੇਤ।"

"ਗੁਰਚੇਤ ਕੌਣ।"

"ਉਹੀ, ਜਿਸ ਨੂੰ ਬਾਬਾ ਜੀ ਨੇ ਫੁਲ ਕਿਰਪਾ ਦਾ ਅਸ਼ੀਰਵਾਦ ਦਿੱਤਾ ਸੀ ਜਦੋਂ ਤੂੰ ਆਪਣੇ ਬੇਟੇ ਰਮਣੀਕ ਲਈ ਅਸ਼ੀਰਵਾਦ ਲੈਣ ਆਈ ਸੀ।"

"ਅੱਛਾ*"

ਤੇ ਫਿਰ ਆਪਣੇ ਬਾਬਾ ਜੀ ਕੌਣ ਹਨ।

"ਬਾਬਾ ਮਾਲਾ ਜੀ |

**ਜਸ ਮਾਨ**
**ਸਰੀ, ਕੈਨੇਡਾ**
**+1(778)892-5122**
**jasbirmann@live.com**

## ਕਹਾਣੀ

# ਕ੍ਰਿਸ਼ਮਾ

**ਚਰਨਜੀਤ ਸਿੰਘ ਪੰਨੂ**

ਅਮਰੀਕਾ ਵੱਸਦੇ ਚਰਨਜੀਤ ਸਿੰਘ ਪੰਨੂ ਨੇ (ਦੋ) ਨਾਵਲ, (ਸੱਤ) ਸਫ਼ਰਨਾਮੇ, (ਇੱਕ) ਇਕਾਂਗੀ-ਸੰਗ੍ਰਹਿ, (ਸੱਤ) ਕਹਾਣੀ-ਸੰਗ੍ਰਹਿ ਅਤੇ (ਪੰਜ) ਕਾਵਿ-ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। ਸੰਪਾਦਨਾ ਦੇ ਖੇਤਰ ਵਿੱਚ ਵੀ ਉਹ ਬੜੀ ਨਿਪੁੰਨਤਾ ਨਾਲ ਕਾਰਜਸ਼ੀਲ ਹਨ



ਅੱਜ ਬਾਰਾਂ ਅਪ੍ਰੈਲ ਵਿਸਾਖੀ ਦਾ ਦਿਨ ਹੈ ਤੇ ਇਹ ਦਿਨ ਹਰ ਸਿੱਖ ਵਾਸਤੇ ਬਹੁਤ ਹੀ ਪਵਿੱਤਰ ਦਰਜੇ ਦਾ ਮਹੱਤਵ੍ਪੂਰਨ ਤਿਉਹਾਰ ਹੈ। ਰੇਡੀਉ ਦਾ ਸਵਿੱਚ ਨੱਪਣ ਨਾਲ ਪਹਿਲੇ ਸ਼ਬਦਾਂ ਨੇ ਹੀ ਮੈਨੂੰ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਵਾ ਦਿੱਤੇ।

ਵਿਸਾਖੀ ੧੬੯੯ ਨੂੰ ਇੱਕ ਮਰਦ ਅਗੰਮੜੇ ਗੁਰੂ ਗੋਬਿੰਦ ਸਿੰਘ ਨੇ ਅਨੰਦਪੁਰ ਸਾਹਿਬ ਵਿਖੇ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਬਣਾਇਆ ਸੀ ਤੇ ਇੱਕ ਨਿਵੇਕਲੀ ਪਹਿਚਾਣ ਦਿੱਤੀ ਸੀ। ਲਿਤਾੜੇ ਦੁਰਕਾਰੇ ਗਊ ਗਰੀਬ ਦੀ ਰੱਖਿਆ ਲਈ ਨਿਆਰੇ ਪੰਥ ਦੀ ਸਾਜਣਾ ਕੀਤੀ ਸੀ। ਇਸ ਦਿਨ ਖ਼ਾਲਸਾ ਪੰਥ ਦੀ ਸਥਾਪਨਾ ਹੋਈ ਸੀ। ਪੰਜ ਪਿਆਰਿਆਂ ਨੂੰ ਖ਼ਾਲਸਾ ਪੰਥ ਦੀ ਅਗਵਾਈ ਹਿਤ ਗੁਰੂ ਰੂਪ ਦੀ ਉਪਾਧੀ ਦਿੱਤੀ ਸੀ। ਇੱਕ ਜੰਗ-ਜੂ ਫ਼ੌਜ ਜੋ ਕੁਰਬਾਨੀ ਨੂੰ ਅਰਪਣ... ਪ੍ਰਮਾਤਮਾ ਦੇ ਕਾਇਦੇ ਕਾਨੂੰਨਾਂ ਨੂੰ ਅਰਪਣ... ਮਜ਼ਲੂਮਾਂ ਦੀ ਰਖਵਾਲੀ ਲਈ ਤਤਪਰ ਰਹਿੰਦੀ ਹੈ, ਦਾ ਅੱਜ ਜਨਮ ਦਿਨ ਹੈ। ਰੇਡੀਉ ਤੇ ਇੱਕ ਬਾਬੇ ਨੇ ਇਤਿਹਾਸ ਸ਼ੁਰੂ ਕਰ ਦਿੱਤਾ।

ਮੈਂ ਹਸਪਤਾਲ ਜਾਣ ਦੀ ਤਿਆਰੀ ਵਿਚ ਹਾਂ। ਉਨ੍ਹਾਂ ਦੀਆਂ ਹਦਾਇਤਾਂ ਦੋਬਾਰਾ ਪੜ੍ਹਦਾ ਹਾਂ।

ਉਪਰੇਸ਼ਨ ਵੇਲੇ ਸਰੀਰ ਦੇ ਕਿਸੇ ਭਾਗ ’ਤੇ ਸੋਨਾ ਚਾਂਦੀ ਜ਼ੇਵਰਾਤ ਜਾਂ ਹੋਰ ਧਾਤ ਦੀ ਕੋਈ ਚੀਜ਼ ਨਹੀਂ ਚਾਹੀਦੀ। ਉਪਰੇਸ਼ਨ ਵਾਲੀ ਥਾਂ ਤੋਂ ਵਾਲ ਸਾਫ਼ ਹੋਣੇ ਚਾਹੀਦੇ ਹਨ। ਕੋਲ ਕੋਈ ਨਕਦੀ ਆਦਿ ਨਹੀਂ ਹੋਣੀ ਚਾਹੀਦੀ। ਇਸ ਦੀ ਉਲੰਘਣਾ ਵਾਲੇ ਦਾ ਉਪਰੇਸ਼ਨ ਰੱਦ ਕੀਤਾ ਜਾਏਗਾ।

ਆਪਣੇ ਆਪ ਨੂੰ ਕੋਸਦਾ ਹਾਂ। ਕਿਹੜਾ ਪਵਿੱਤਰ ਦਿਹਾੜਾ ਇਸ ਕੰਮ ਲਈ ਚੁਣਿਆ ਗਿਆ ਅਜੇਹੇ ਕੰਮਾਂ ਲਈ ਦੋ ਚਾਰ ਮਹੀਨੇ ਪਹਿਲਾਂ ਹੀ ਤਰੀਕ ਮੁਕੱਰਰ ਕੀਤੀ ਜਾਂਦੀ ਹੈ ਤੇ ਇਕ ਵੇਰਾਂ ਖੁੰਝ ਜਾਏ ਤਾਂ ਪਤਾ ਨਹੀਂ ਫਿਰ ਕਦੋਂ ਨੰਬਰ ਆਏ।

ਕਿੰਨੇ ਲੰਬੇ ਸਾਲਾਂ ਤੋਂ ਇਕ ਨਾਸੂਰ ਮੇਰੇ ਅੰਦਰ ਪਲ ਰਿਹਾ ਹੈ। ਕਦੇ ਸੂਲ ਬਣ ਜਾਂਦਾ ਹੈ, ਕਦੇ ਜਿਗਰ ਦੀਆਂ ਗਟੋਲੀਆਂ, ਕਦੇ ਕੈਂਸਰ ਤੇ ਕਦੇ ਗ਼ਮ ਦਾ ਗੋਲਾ। ਗ਼ਮ ਕਾਹਦਾ। ਇਹ ਤਾਂ ਸਿਰਫ਼ ਵਿਦੇਸ਼ ਜਾਣ ਦਾ ਹੀ ਹੋ ਸਕਦਾ ਸੀ ਹੋਰ ਤਾਂ ਕਿਸੇ ਪਾਸਿਉਂ ਕੋਈ ਚਿੰਤਾ ਫ਼ਿਕਰ ਵਾਲੀ ਕੋਈ ਟੋਟ ਕਮੀ ਨਹੀਂ ਸੀ।

ਭਾਰਤੀ ਡਾਕਟਰਾਂ ਨੇ ਲਿਵਰ ਵਿਚ ਰਸੌਲ਼ੀ ਦੱਸਦਿਆਂ ਲਾਇਲਾਜ ਗਰਦਾਨ ਕੇ ਇਸ ਦਾ ਇਲਾਜ ਕਰਨ ਤੋਂ ਸਿਰ ਫੇਰ ਦਿੱਤਾ ਸੀ। ਇਕ ਸਿਆਣੇ ਨੇ ਅੱਖਾਂ ਮੀਟ ਕੇ ਮੂੰਹ ਵਿਚ ਕੁੱਝ ਮੰਤਰ ਪੜ੍ਹ ਕੇ ਫੂਕਾਂ ਮਾਰ ਕੇ ਚਰਨਾਮਤ, ਜੂਠੇ ਪਾਣੀ ਦੀ ਬੋਤਲ ਮੇਰੀ ਮਾਤਾ ਨੂੰ ਫੜਾਉਂਦਿਆਂ ਡਾਕਟਰਾਂ ਦੀ ਖੋਜ ਨਕਾਰਦਿਆਂ ਮੇਰੀ ਤੰਦਰੁਸਤੀ ਦਾ ਯਕੀਨ ਦਿਵਾਇਆ ਸੀ।

ਬਿਮਾਰੀ ਬਹੁਤ ਖ਼ਤਰਨਾਕ ਤੇ ਕਲਮੂੰਹੀਂ ਹੈ ਪਰ ਮੈਂ ਇਹ ਕੀਲ ਦਿੱਤੀ ਹੈ। ਇਸ ਦਾ ਕਦੇ ਨੁਕਸਾਨ ਨਹੀਂ ਕਰੇਗੀ। ਦਾਰੂ-ਸਿੱਕਾ ਬੰਦ ਐਹ ਬੋਤਲ ਵਿਚ ਨਿੱਕੀ ਮੱਖੀ ਦੇ ਸੁੱਚੇ ਸ਼ਹਿਦ ਦਾ ਇੱਕ ਚਮਚਾ ਪਾ ਲਿਉ, ਨਿਹਚਾ ਨਾਲ ਸਵੇਰੇ ਸ਼ਾਮ ਇਕ ਚਮਚਾ ਲਵੇ, ਬੱਸ ਫੇਰ ਦੇਖਣਾ ਇਸ ਦੇ ਰੰਗ

ਉਸ ਦੇ ਹੁਕਮ ਅਨੁਸਾਰ ਦਾਰੂ ਵਿਸਕੀ ਥੋੜੀ ਬਹੁਤ ਜੋ ਪੀਂਦਾ ਸੀ ਛੱਡ ਦਿੱਤੀ ਤੇ ਬੋਤਲ ਵਿਚ ਪਾਇਆ ਉਸ ਦਾ ਅੰਮ੍ਰਿਤ ਮੈਂ ਇਕ ਮਹੀਨੇ ਵਿਚ ਮੁਕਾ ਦਿੱਤਾ। ਮੈਂ ਸੱਚੀਂ ਠੀਕ ਹੋ ਗਿਆ ਸਾਂ।

ਮੁੜ ਉਸ ਦਾ ਧੰਨਵਾਦ ਕਰਨ ਗਿਆ। ਉਸ ਨੂੰ ਕਰਾਮਾਤੀ ਮੰਤਰ ਬਾਰੇ ਪੁੱਛ ਬੈਠਾ। ਉਸ ਨੇ ਹੱਸ ਕੇ ਕਿਹਾ ਸੀ:

ਬੇਟਾ ਹਰ ਇਨਸਾਨ ਦੀ ਅੰਤਰ ਆਤਮਾ ਵਿਚ ਇਕ ਛੁਪੀ ਹੋਈ ਮਹਾਂਸ਼ਕਤੀ ਹੈ। ਅੰਤਰ ਧਿਆਨ ਹੋ ਕੇ ਸੱਚੇ ਦਿਲੋਂ ਕੀਤੀ ਅਰਦਾਸ ਜ਼ਰੂਰ ਪੂਰੀ ਹੁੰਦੀ ਹੈ। ਬ੍ਰਿਥੀ ਨਾ ਜਾਈ ਜਨ ਕੀ ਅਰਦਾਸ। ਤੁਸੀਂ ਆਪਣੇ ਪੂਰੇ ਆਤਮਿਕ ਬਲ ਤੇ ਦ੍ਰਿੜ੍ਹ ਨਿਸ਼ਚੇ ਨਾਲ ਕੋਈ ਕੰਮ ਕਰਨ ਦਾ ਤਹੱਈਆ ਕਰੋ ਉਹ ਜ਼ਰੂਰ ਪੂਰਾ ਹੋ ਜਾਏਗਾ। ਚੱਲਦੀ ਰੇਲ ਗੱਡੀ ਨੂੰ ਹੱਥ ਦਿਓ ਰੁਕ ਜਾਏਗੀ। ਜੇ ਬੇਯਕੀਨੇ ਮਨ ਨਾਲ ਤੁਰੀ ਜਾਂਦੀ ਬੱਸ ਨੂੰ ਵੀ ਹੱਥ ਦਿਉਗੇ ਕਿ ਪਤਾ ਨਹੀਂ ਖੜੋਵੇ ਜਾਂ ਨਾ ਤਾਂ ਕਦੇ ਨਹੀਂ ਰੁਕੇਗੀ। ਇਹ ਮੰਤਰ ਤੁਹਾਡੇ ਅੰਦਰ ਹੈ। ਇਹੀ ਤੁਹਾਡੀ ਕਾਇਆ ਅੰਦਰ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਹੈ। ਅੰਤਰ-ਧਿਆਨ ਹੋ ਕੇ ਇਸ ਨੂੰ ਜਗਾਉਣ ਦੀ ਲੋੜ ਹੈ।

ਇਹ ਹੈ...'ਸਰਬ ਰੋਗ ਕਾ ਅਉਖਧ ਨਾਮ,... ਮੇਰਾ ਵੈਦ ਗੁਰੂ ਗੋਬਿੰਦਾ।' ਮੈਂ ਵੀ ਇਹੀ ਪੜ੍ਹ ਕੇ ਤੁਹਾਨੂੰ ਦਿੱਤਾ ਸੀ। ਸੁਖਮਣੀ ਪੜ੍ਹਨ ਸੁਣਨ ਨਾਲ ਬੜੇ ਬੜੇ ਅਸਾਧ ਰੋਗ ਨਵਿਰਤ ਹੋ ਜਾਂਦੇ ਨੇ। ਗੁਰਬਾਣੀ ਦੇ ਲੜ ਲੱਗੋ.... ਸਿਮਰਨ ਕਰੋ।

ਗੁਰ ਕੀ ਬਾਣੀ ਜਿਸ ਮਨ ਵਸੈ, ਦੁੱਖ ਦਰਦ ਸਭ ਤਿਸ ਦਾ ਨਸੈ।

ਉੱਠਦੇ ਬਹਿੰਦੇ ਜਦ ਟਾਈਮ ਮਿਲੇ ਹਰ ਰੋਜ਼ ਇੱਕ ਵੇਰਾਂ ਸ਼ਰਧਾ ਨਾਲ ਇਸ ਦਾ ਪਾਠ ਕਰੋ ਤੇ ਪੈਦਾ ਕਰਨ ਵਾਲੇ ਨੂੰ ਯਾਦ ਕਰੋ।

ਸ਼ਰਾਬ ਨਸ਼ੇ ਡਰੱਗਜ਼ ਜੇ ਲੈਂਦੇ ਹੋ ਤਾਂ ਛੱਡ ਦਿਓ
ਸੱਤ ਬਚਨ ਮਰਦਾ ਕੀ ਨਹੀਂ ਕਰਦਾ।
ਮੈਂ ਉਸ ਦਾ ਹੁਕਮ ਸਿਰ ਮੱਥੇ ਮੰਨਿਆ ਸੀ।

ਕੁੱਝ ਦੇਰ ਬਾਦ ਦੋਬਾਰਾ ਐਕਸ-ਰੇ ਕਰਨ ’ਤੇ ਮੇਰੇ ਡਾਕਟਰ ਨੇ ਬਹੁਤ ਹੈਰਾਨੀ ਪ੍ਰਗਟਾਉਂਦੇ ਦੱਸਿਆ ਸੀ ਕਿ ਰਸੌਲ਼ੀਆਂ ਖੁਰ ਗਈਆਂ ਹਨ ਤੇ ਜਿਗਰ ਬਿਲਕੁਲ ਸਾਫ਼ ਹੈ ਜਿਵੇਂ ਪਾਣੀ ਦੀ ਬੋਤਲ ਨੇ ਹੀ ਇਹ ਸਾਰੀ ਕਰਾਮਾਤ ਕਰ ਦਿੱਤੀ ਹੋਵੇ। ਪਰ ਮੇਰਾ ਅੰਦਰਲਾ ਵਹਿਮ ਭੈ ਨਹੀਂ ਗਿਆ। ਉਸ ਤੋਂ ਪਿੱਛੋਂ ਇਹ ਬਿਮਾਰੀ ਮੇਰੇ ਨਾਲ ਲੁਕਣ-ਮੀਟੀ ਖੇਲ੍ਹਦੀ ਰਹੀ ਹੈ।

ਅਮਰੀਕਾ ਆ ਕੇ ਅਮਰੀਕਨ ਡਾਕਟਰਾਂ ਦੇ ਵੱਸ ਪੈ ਗਿਆ। ਆਪਣੀ ਤਫ਼ਤੀਸ਼ ਪਿਛਲੇ ਬਿਉਰੇ ਨਾਲ ਜੋੜ ਕੇ ਉਨ੍ਹਾਂ ਫੇਰ ਜਿਗਰ ਵਿਚ ਰਸੌਲ਼ੀ ਦੀ ਪੁਸ਼ਟੀ ਕਰ ਦਿੱਤੀ ਤੇ ਉਪਰੇਸ਼ਨ ਦਾ ਆਖ਼ਰੀ ਫ਼ੈਸਲਾ ਦੇ ਦਿੱਤਾ ਪਰ ਮੈਂ ਯਕੀਨਨ ਸੁਖਮਣੀ ਸਾਹਿਬ ਦਾ ਲੜ ਨਹੀਂ ਛੱਡਿਆ।

ਹੌਸਲਾ ਇਕੱਠਾ ਕਰਦਾ ਆਪਣੇ ਸਰੀਰ ਦੀ ਟੋਹਾ-ਟਾਹੀ ਕਰਦਾ ਹਾਂ। ਸੋਨੇ ਦਾ ਕੜਾ ਤੇ ਮੁੰਦਰੀ ਲਾਹ ਕੇ ਪਤਨੀ ਨੂੰ ਫੜਾ ਦਿੰਦਾ ਹਾਂ। ਘੜੀ ਲਾਹ ਕੇ ਫੜਾਉਂਦਾ ਹਾਂ। ਉਹ ਸੁਆਲੀਆਂ ਅੱਖਾਂ ਅੱਡ ਖੜ੍ਹੀ ਹੈ। ਇਸ ਤਰ੍ਹਾਂ ਹੱਥੋਂ ਚੀਜ਼ਾਂ ਉਤਾਰਨੀਆਂ ਬਦਸ਼ਗਨੀ ਹੁੰਦੀ ਹੈ। ਮੈਂ ਜਾਣਦਾ ਹਾਂ।

ਫ਼ੋਨ ਦੀ ਘੰਟੀ ਖੜਕੀ ਹੈ। ਹਸਪਤਾਲ ਵੱਲੋਂ ਸੁਨੇਹਾ ਹੈ ਕਿ ਮੈਂ ਜਲਦੀ ਪਹੁੰਚ ਜਾਵਾਂ। ਪਹਿਲੇ ਵਾਲਾ ਮਰੀਜ਼ ਰੱਦ ਕਰ ਦਿੱਤਾ ਗਿਆ ਹੈ। ਜ਼ਾਹਿਰ ਹੈ ਮੇਰੀ ਚੀਰ ਫਾੜ ਜਲਦੀ ਹੀ ਹੋਣ ਵਾਲੀ ਹੈ।

ਇਹ ਵਲੰਟੀਅਰ ਆਪਣੀ ਸੇਵਾ ਮੁਕਤੀ ਤੋਂ ਬਾਅਦ ਮੁਫ਼ਤ ਸੇਵਾ ਕਰਕੇ ਆਪਣਾ ਵਾਧੂ ਸਮਾਂ ਚੰਗੇ ਲੋਕ ਭਲਾਈ ਵਾਲੇ ਰੁਝੇਵੇਂ ’ਚ ਗੁਜ਼ਾਰਦੇ ਹਨ। ਇਹ ਵੱਖ-ਵੱਖ ਨਸਲਾਂ, ਦੇਸ਼ਾਂ ਦੇ ਲੋਕ ਕਈ ਵੇਰਾਂ ਦੁਭਾਸ਼ੀਏ ਦਾ ਬੜਾ ਚੰਗਾ ਬਦਲ ਬਣਦੇ ਉਪਰਾਲਾ ਕਰਦੇ ਹਨ।

ਮੇਰੇ ਸਾਥੀ ਨੇ ਦਰਵਾਜ਼ੇ ਅੱਗੇ ਸਾਮੀ ਉਡੀਕਦੇ ਦੁਕਾਨਦਾਰ ਵਾਂਗ ਅੱਖਾਂ ਵਿਛਾਈ ਖੜੇ ਇਕ ਮੂੰਗੀਆ ਰੰਗੀ ਵਰਦੀ ਵਾਲੇ ਵਿਅਕਤੀ ਵੱਲ ਇਸ਼ਾਰਾ ਕੀਤਾ।

ਟੋਹ ਵਾਲਾ ਦਰਵਾਜ਼ਾ ਘੜਿੱਚ ਕਰਦਾ ਆਪੇ ਖੁੱਲ੍ਹ ਕੇ ਸੰਗੀਤਕ ਅਲਾਰਮ ਵਜਾ ਗਿਆ ਜਿਵੇਂ ਜੀ ਆਇਆਂ ਕਹਿੰਦਾ ਹੋਵੇ।

ਵੈਲ ਕਮ... ਉਹ ਅਧੇੜ ਜਿਹੀ ਉਮਰ ਦਾ ਬਜ਼ੁਰਗ ਦਰਵਾਜ਼ਾ ਖੁੱਲ੍ਹਦੇ ਵੀਲ-ਚੇਅਰ ਅੱਗੇ ਕਰਦਾ ਹੈ।

ਸ਼ੁਕਰੀਆ ਅਜੇ ਮੈਂ ਆਪ ਹੀ ਤੁਰ ਕੇ ਜਾ ਸਕਦਾ ਹਾਂ... ਧੰਨਵਾਦ

ਮੇਰੇ ਨਾਂਹ ਕਹਿਣ ’ਤੇ ਕੁਰਸੀ ਪਾਸੇ ਕਰ ਕੇ ਉਹ ਮੈਨੂੰ ਸਵਾਗਤੀ ਮੇਜ਼ ’ਤੇ ਜਾਣਕਾਰੀ ਕਰਾਉਂਦਾ ਹੈ। ਮੇਰਾ ਪਹਿਚਾਣ ਪੱਤਰ ਲੈ ਕੇ ਕਾਗ਼ਜ਼ ਪੱਤਰ ਤਿਆਰ ਕਰਵਾ ਕੇ ਆਪੇ ਖੁੱਲ੍ਹਦੇ ਬੰਦ ਹੁੰਦੇ ਸੈਂਸਰ ਵਾਲੇ ਕਈ ਦਰਵਾਜ਼ੇ ਲੰਘ ਕੇ ਅੰਦਰਲੇ ਵਾਰਡ ਦੇ ਮੰਜਾ ਨੰਬਰ ਚਾਰ ’ਤੇ ਲੈ ਜਾਂਦਾ ਹੈ। ਨਰਸ ਖਿੜੇ ਮੱਥੇ ਜੀ ਆਇਆਂ ਕਹਿੰਦੀ ਹੈ। ਮੇਰੀ ਸਾਰੀ ਬਿਮਾਰੀ ਤੇ ਟੱਬਰ-ਟੀਹਰ ਦੀ ਹਿਸਟਰੀ-ਸ਼ੀਟ ਪੜ੍ਹਦੀ ਹੈ, ਪੜਤਾਲਦੀ ਹੈ ਤੇ ਨਾਮ ਪਤਾ ਲਿਖ ਕੇ ਇਕ ਪੇਪਰ ਟੈਗ ਮੇਰੇ ਗੁੱਟ ’ਤੇ ਚੜ੍ਹਾ ਦਿੰਦੀ ਹੈ। ਪਲਾਸਟਿਕ ਪੇਪਰ ਦਾ ਸੂਟ, ਕਮੀਜ਼, ਪਜਾਮਾ ਜੁੱਤੀ ਤੇ ਸਿਰ ਦੀ ਟੋਪੀ ਫੜਾ ਕੇ ਕੱਪੜੇ ਬਦਲਣ ਲਈ ਹਦਾਇਤ ਕਰਦੀ ਹੈ। ਟੋਪੀ ਨੂੰ ਇਨਕਾਰ ਕਰਕੇ ਮੈਂ ਪਟਕਾ ਬੰਨ੍ਹ ਲੈਂਦਾ ਹਾਂ ਜੋ ਇਸ ਦਾ ਅਗਾਊਂ ਪਤਾ ਹੋਣ ਕਰਕੇ ਪਹਿਲਾਂ ਹੀ ਨਾਲ ਲੈ ਗਿਆ ਸੀ। ਮੇਰੇ ਉਤਾਰੇ ਕੱਪੜੇ ਇਕ ਬੈਗ ਵਿਚ ਪਾ ਕੇ ਬੈੱਡ ਦੇ ਥੱਲੇ ਰੱਖ ਦਿੰਦੀ ਹੈ। ਖ਼ੂਨ ਦਾ ਦਬਾਓ ਤੇ ਤਾਪ ਨੋਟ ਕਰਦੀ ਮੇਰੇ ਕੜੇ ਵੱਲ ਸੁਆਲੀਆਂ ਨਜ਼ਰਾਂ ਲਈ ਖੜ੍ਹੋ ਗਈ ਹੈ।

‘ਫ਼ੌਲਾਦ ਦਾ ਕੜਾ’ ਉਹ ਲਾਹੁਣ ਲਈ ਵੀਣੀ ਦਾ ਇਸ਼ਾਰਾ ਕਰਦੀ ਹੈ।

‘ਨੋ ਨੋ ਨਾਟ। ਇਹ ਨਹੀਂ ਲੱਥ ਸਕਦਾ।’ ਉਸ ਦੀਆਂ ਟੱਡੀਆਂ ਅੱਖਾਂ ਦਾ ਮੈਂ ਕੋਰਾ ਜਿਹਾ ਜੁਆਬ ਦਿੰਦਾ ਹਾਂ।

ਇਹ ਤਾਂ ਮੈਂ ਹਵਾਈ ਅੱਡੇ ’ਤੇ ਵੀ ਉਤਾਰਨ ਤੋਂ ਨਾਂਹ ਕਰ ਦਿੱਤੀ ਸੀ ਤੇ ਅਧਿਕਾਰੀਆਂ ਨੂੰ ਮੰਨਣਾ ਪਿਆ ਸੀ।

ਪਲ ਦੀ ਪਲ ਚੁੱਪ ਜਿਹੀ ਪਸਰ ਗਈ। ਉਹ ਪਿੱਛੇ ਜਾ ਕੇ ਆਪਣੇ ਮੁਖੀ ਨਾਲ ਕੁੱਝ ਘੁਸਰ ਮੁਸਰ ਕਰਦੀ ਹੈ। ਮੇਰੇ ਸਿਰ ’ਤੇ ਖ਼ਤਰਾ ਮੰਡਲਾਉਣ ਲਗਦਾ ਹੈ ਕਿ ਕਿਤੇ ਮੇਰੀ ਹਠ-ਧਰਮੀ ਇਨਕਾਰੀ ਅੱਗੇ ਉਹ ਮੇਰਾ ਉਪਰੇਸ਼ਨ ਹੀ ਕੈਂਸਲ ਨਾ ਕਰ ਦੇਣ।

‘ਓ ਕੇ ਓ ਕੇ।’ ਵਾਪਸੀ ’ਤੇ ਉਹ ਮੇਰੀ ਗੱਲ ਮੰਨ ਜਾਂਦੀ ਹੈ।

ਇਕ ਹੋਰ ਨਰਸ ਆਉਂਦੀ ਹੈ ਤੇ ਹੈਲੋ ਨਮਸਕਾਰ ਕਰਦੀ ਮੇਰੇ ਗਲ ਲੱਗਾ ਪਹਿਚਾਣ-ਪਟਾ ਪੜ੍ਹਦੀ ਆਪਣੇ ਆਪ ਤਸੱਲੀ ਕਰਦੀ ਹੈ ਕਿ ਮੈਂ ਹੀ ਅਸਲੀ ਮਰੀਜ਼ ਹਾਂ। ਹੱਥ ’ਚ ਸੂਈਆਂ। ਮੈਨੂੰ ਸਮਝਾਉਂਦੀ ਹੈ ਕਿ ਉਹ ਮੈਨੂੰ ਥੋੜੀ ਜਿਹੀ ਚੋਭ ਕਰੇਗੀ। ਨੋ ਮੈਟਰ ਲਗਾਓ।

ਮੇਰੀ ਮਨਜ਼ੂਰੀ ਲੈ ਕੇ ਉਹ ਮੇਰੇ ਗੁੱਟ ਨੂੰ ਪਲੋਸਦੀ ਨਾੜ ਲੱਭ ਕੇ ਸੂਈ ਚੋਭਦੀ ਗਲੂਕੋਜ਼ ਦੀ ਬੋਤਲ ਨਾਲ ਨਾਲੀ ਜੋੜ ਦਿੰਦੀ ਹੈ।

ਕੜਾ ਵੇਖ ਕੇ ਦੂਸਰੀ ਨਰਸ ਨਾਲ ਅੱਖਾਂ ਮੇਲਦੀ ਚੁੱਪ ਕਰ ਜਾਂਦੀ ਹੈ।

ਹੀ ਇਜ਼ ਸੀਖ

ਹੋ ਸੌਰੀ। ਓ ਕੇ। ਓ ਕੇ।

ਆਈ ਐਮ ਸਿੱਖ ਨਾਟ ਸੀਖ। ਮੈਂ ਦਰੁਸਤ ਕਰਨਾ ਚਾਹੁੰਦਾ ਹਾਂ।

ਆਈ ਨੋ। ਇਹ ਬੰਦਸ਼ ਸਿੱਖਾਂ ਵਾਸਤੇ ਲਾਗੂ ਨਹੀਂ। ਮੇਰੇ ਬੋਲਣ ਤੋਂ ਪਹਿਲਾਂ ਹੀ ਇਕ ਦੂਸਰੀ ਨੂੰ ਦੱਸਦੀਆਂ ਹਨ।

ਸਿਰ 'ਤੇ ਪੋਚਵੀਂ ਠੋਕਵੀਂ ਨੁੱਕਰ ਵਾਲੀ ਦਸਤਾਰ ਤੇ ਗੁੱਟ ਤੇ ਕੜਾ ਸਿੱਖਾਂ ਦੀ ਨਿਵੇਕਲੀ ਨਿਸ਼ਾਨੀ ਤੇ ਅਸਲੀ ਪਹਿਚਾਣ ਹੈ ਤੇ ਸਰੀਰ ਦੇ ਅਨਿੱਖੜਵੇਂ ਅੰਗ ਵਾਂਗ ਹੈ। ਜਾਨ ਜਾਏ ਤੇ ਜਾਏ ਪਰ ਕੜਾ ਨਹੀਂ ਲੱਥ ਸਕਦਾ। ਇਹ ਇਹਨਾਂ ਦੇ ਧਾਰਮਿਕ ਨਿਸ਼ਾਨ ਹਨ। ਮੇਰੇ ਕੇਸਾਂ ਨੂੰ ਪਟਕੇ ਦੇ ਉੱਪਰ ਇੱਕ ਹੋਰ ਕੱਪੜੇ ਨਾਲ ਸਾਂਭ ਸਵਾਰ ਕੇ ਬੰਨ੍ਹਦੇ ਹਨ। ਕੜੇ ਦੀ ਹਰਕਤ ਰੋਕਣ ਲਈ ਟੇਪ ਨਾਲ ਮੇਰੇ ਗੁੱਟ 'ਤੇ ਚਿਪਕਾ ਦਿੰਦੇ ਹਨ ਤੇ ਉਪਰੇਸ਼ਨ ਥੀਏਟਰ ਵਿਚ ਲੈ ਜਾਂਦੇ ਹਨ।

ਇਹ ਹੋਰ ਡਾਕਟਰ ਬੀਬੀ ਲਗਦੀ ਹੈਲੋ ਕਹਿੰਦੀ ਮੇਰੀ ਅਗਲੀ ਪਿਛਲੀ ਹਿਸਟਰੀ ਪੁੱਛਦੀ ਮੁੜ ਦੁਹਰਾਉਂਦੀ ਹੈ। ਕਿਸੇ ਕਿਸਮ ਦੀ ਅਲਰਜੀ ਜਾਂ ਡਰੱਗਜ਼ ਸਮੋਕਿੰਗ ਬਾਰੇ ਖ਼ਾਸ ਜ਼ੋਰ ਨਾਲ ਦਰਿਆਫ਼ਤ ਕਰਦੀ ਹੈ।

ਨੋ ਨੋ ਸ਼ਰਾਬ ਸਮੋਕਿੰਗ। ਇਹ ਲੋਕ ਨਹੀਂ ਵਰਤਦੇ ਤੇ ਇਹਨਾਂ ਨੂੰ ਪੁੱਛਣਾ ਜਾਂ ਸੁਲਾਹ ਮਾਰਨਾ ਵੀ ਅਨੈਤਿਕਤਾ ਸਮਝੀ ਜਾਂਦੀ ਹੈ। ਆਪੋ ਆਪਣੀ ਸੋਝੀ ਦਾ ਆਦਾਨ ਪ੍ਰਦਾਨ ਕਰਦੀਆਂ ਕਦੇ ਕਦੇ ਹੱਸਦੀਆਂ ਪ੍ਰਤੀਤ ਹੁੰਦੀਆਂ ਹਨ।

ਮੈਂ ਆਪ ਕੇ ਬੇਹੋਸ਼ੀ ਸੁੰਨ ਕਰਨ ਦਾ ਟੀਕਾ ਲਾਵਾਂਗੀ ਤਾਂ ਜੋ ਚੀਰ-ਫਾੜ ਵੇਲੇ ਆਪ ਕੋ ਕੋਈ ਤਕਲੀਫ਼ ਪਰੇਸ਼ਾਨ ਨਾ ਕਰੇ। ਓ ਕੇ। ਏ। ਓ ਕੇ।

ਲੰਮੇ ਪਏ ਦੀਆਂ ਮੇਰੀਆਂ ਅੱਖਾਂ ਅਸਮਾਨੀ ਗੱਡੀਆਂ ਹਨ। ਕਮਰੇ ਦੀ ਛੱਤ ਅੰਦਰੋਂ ਨੀਲੇ ਅਸਮਾਨ ਦਾ ਭੁਲੇਖਾ ਪਾਉਂਦੀ ਹੈ। ਵਾਲ ਪੇਪਰ ਉੱਤੇ ਉੱਡਦੇ ਰੰਗ ਬਿਰੰਗੇ ਪਤੰਗ ਛਿਹਰਟੇ ਦੀ ਬਸੰਤ ਪੰਚਮੀ ਦੀ ਯਾਦ ਤਾਜ਼ਾ ਕਰਾ ਦਿੰਦੇ ਹਨ।

ਮੈਂ ਹੱਸਦਾ ਹੱਸਦਾ ਸਿਰ ਹਿਲਾ ਕੇ ਉਸ ਦੀ ਹਾਂ ਵਿਚ ਹਾਂ ਮਿਲਾਉਂਦਾ ਹਾਂ। ਸਰੀਰ ਦੀਆਂ ਨਾੜਾਂ ਵਿਚ ਕੁੱਝ ਝੁਰਲੂ ਜਿਹਾ ਫਿਰਿਆ ਤੇ ਝਰਨਾਹਟ ਜਿਹੀ ਹੋਈ। ਮੱਠੀ ਜਿਹੀ ਪੀੜ ਦੀ ਕਸਕ ਮੇਰੇ ਚਿਹਰੇ ਤੋਂ ਪੜ੍ਹ ਕੇ ਉਹ ਮੇਰਾ ਸਿਰ ਪਲੋਸਦੀ ਹੌਂਸਲਾ ਦਿੰਦੀ ਦੱਸਦੀ ਹੈ ਕਿ ਇਹ ਦਵਾਈ ਦਾ ਸਰੂਰ ਹੈ। ਡਰਨ ਦੀ ਕੋਈ ਚਿੰਤਾ ਨਹੀਂ। ਇਸ ਨਾਲ ਕੋਈ ਨੁਕਸਾਨ ਨਹੀਂ ਹੋਣ ਵਾਲਾ।

ਚੀਰ ਫਾੜ ਵਾਲੇ ਡਾਕਟਰ ਮਖੌਟੇ ਪਾਈ ਹੈਲੋ ਕਰਦੇ ਮੱਥੇ ਤੋਂ ਮੁਸਕਾਨ ਕੇਰਦੇ ਮੇਰੇ ਸਰੀਰ ਨੂੰ ਨਿਹਾਰਦੇ ਪਲੋਸਦੇ ਇਕ ਦੂਸਰੇ ਨਾਲ ਥੋੜੀ ਜਿਹੀ ਵਾਰਤਾਲਾਪ ਤੋਂ ਬਾਦ ਹਾਮੀ ਭਰਦੇ ਹਨ ਤੇ ਨਿੱਕੀਆਂ ਨਿੱਕੀਆਂ ਗੱਲਾਂ ਕਰਕੇ ਆਪਣਾ ਕੰਮ ਚਾਲੂ ਕਰਦੇ ਹਨ।

ਮਿੱਠੀਆਂ ਪਿਆਰੀਆਂ ਗੱਲਾਂ ਕਰਦੇ ਅਲੱੜ੍ਹ ਪ੍ਰੇਮਿਕਾ ਵਾਂਗ ਮੇਰਾ ਜਿਸਮ ਸਹਿਲਾਉਂਦੇ ਉਹ ਮੇਰੇ ਅੰਦਰ ਲਹਿ ਜਾਂਦੇ ਹਨ। ਵੱਖੀ ਵਿਚ ਕਾਂਟੇ ਛੁਰੀ ਦੀ ਛਿਲਤਰ ਜਿਹੀ ਚੁਭੀ। ਕਿਰਚ ਜਿਹੀ ਆਵਾਜ਼ ਮਹਿਸੂਸ ਹੋਈ। ਉਹ ਗੱਲਾਂ ਕਰਦੇ ਮੈਨੂੰ ਸੁਣਦੇ ਹਨ ਪਰ ਕੋਈ ਦੁਖ ਦਰਦ ਨਹੀਂ ਹੁੰਦਾ। ਜਲੂਣ ਜਿਹੀ ਕਰਦੇ ਮਹਿਸੂਸ ਹੁੰਦਾ ਹੈ।

ਕੁੰਭੀ ਰੋਡ ਦੇ ਉੱਪਰ ਪਹਾੜੀ ’ਤੇ ਇਕ ਬੜਾ ਸੁੰਦਰ ਮੰਦਿਰ ਸੁਸ਼ੋਭਿਤ ਹੈ। ਇਹਨਾਂ ਦਾ ਗੁਰਦੁਆਰਾ ਬਹੁਤ ਖੁੱਲ੍ਹੀ ਜਗਾ ਹੈ। ਬੜਾ ਸੁੰਦਰ ਰੌਣਕੀਲਾ ਸਥਾਨ ਹੈ। ਸਿੱਖ ਕੌਮ ਬੜੀ ਸਿਰ-ਲੱਥੀ ਮੁਜਾਹਿਦਾਂ ਦੀ ਕੌਮ ਹੈ। ਇਹਨਾਂ ਦੇ ਬੜੇ ਸੁੰਦਰ ਪਵਿੱਤਰ ਅਸੂਲ ਹਨ। ਇਹਨਾਂ ਵਿਚ ਡਰੱਗਜ਼, ਸਮੋਕਿੰਗ, ਜੂਏਬਾਜ਼ੀ, ਤਲਾਕ, ਜਾਤ-ਪਾਤ ਦਾ ਵਿਤਕਰਾ, ਵਾਲ ਕੱਟਣੇ, ਦੂਸਰੀ ਪਰਾਈ ਇਸਤਰੀ ਨਾਲ ਮੇਲ-ਜੋਲ ਸਖ਼ਤ ਮਨ੍ਹਾ ਹੈ ਤੇ ਪੂਰਨ ਗੁਰ ਸਿੱਖ ਇਸ ’ਤੇ ਪੂਰਾ ਅਮਲ ਕਰਦਾ ਹੈ। ਕੁਤਾਹੀ ਕਰਨ ਵਾਲੇ ਨੂੰ ਸਮਾਜਿਕ ਦੰਡ ਵਜੋਂ ਕਬੀਲੇ ਵਿਚੋਂ ਛੇਕਿਆ ਜਾ ਸਕਦਾ ਹੈ ਤੇ ਹੋਰ ਕਈ ਕਿਸਮ ਦੀਆਂ ਸਜ਼ਾਵਾਂ ਦਾ ਪ੍ਰਾਵਧਾਨ ਹੈ। ਇਸ ਕੰਮ ਲਈ ਪੁਰਾਣੇ ਸਮੇਂ ਤੋਂ ਹੀ ਅੰਮ੍ਰਿਤਸਰ ਵਿਖੇ ਇੱਕ ਹਾਈ ਪਾਵਰ ਤਖ਼ਤ ਕੋਰਟ ਹੈ ਜਿਸ ਨੂੰ ਅਕਾਲ ਤਖ਼ਤ ਕਹਿੰਦੇ ਹਨ। ਇਸ ਦਾ ਹਰ ਹੁਕਮ ਹਰ ਸਿੱਖ ਲਈ ਇਖ਼ਲਾਕੀ ਤੌਰ ’ਤੇ ਮੰਨਣਾ ਲਾਜ਼ਮੀ ਸਮਝਿਆ ਜਾਂਦਾ ਹੈ। ਸ਼ਾਇਦ ਮੇਰਾ ਕੜਾ ਤੇ ਬੰਨ੍ਹੇ ਹੋਏ ਵਾਲ ਵੇਖ ਕੇ ਉਨ੍ਹਾਂ ਇਸ ਨੂੰ ਜਾਇਜ਼ ਵਡਿਆਉਣ ਦੀ ਘਾੜਤ ਘੜੀ ਹੈ।

ਵਿਖਿਆਨ ਵਿਚ ਸਿੱਖਾਂ ਦਾ ਉਲੀਕਿਆ ਹੁਲੀਆ ਤੇ ਕਿਰਦਾਰ ਸੁਣ ਕੇ ਮੇਰੀ ਛਾਤੀ ਫੂਲ ਖੜੀ ਹੈ। ਕਾਸ਼ ਮੇਰੀ ਕੌਮ ਇਹਨਾਂ ਮਰਿਆਦਾਵਾਂ ਦੀ ਪੂਰੀ ਪਾਬੰਦ ਹੋਵੇ। ਇਕ ਹਉਕਾ ਜਿਹਾ ਮੇਰੇ ਅੰਦਰ ਉੱਠਿਆ ਤੇ ਗੁੰਮ ਗਿਆ।

ਆਰ ਯੂ ਸੀਖ

ਇਹ ਦੇਸ਼ ਹਰ ਵਿਅਕਤੀ ਦੀ ਧਾਰਮਿਕ ਆਜ਼ਾਦੀ ਦਾ ਅਲੰਬਰਦਾਰ ਹੈ। ਮੈਂ ਜਾਣਦਾ ਹਾਂ। ਇਹਨਾਂ ਦੇ ਸੰਵਿਧਾਨ ਵਿਚ ਜਾਤ, ਨਸਲ, ਦੇਸ਼, ਰੰਗ ਜਾਂ ਲਿੰਗ ਪੱਖੋਂ ਕੋਈ ਵਿਤਕਰਾ ਜਾਂ ਰਿਆਇਤ ਨਹੀਂ। ਉਹ ਮੈਨੂੰ ਸਿਰਫ਼ ਉਪਰੇਸ਼ਨ ਦੇ ਮਾਨਸਿਕ ਹਊਏ ਤੋਂ ਮੁਕਤ ਕਰਨ ਲਈ ਹੀ ਇਹ ਸਭ ਡਰਾਮੇ ਕਰ ਰਹੇ ਹਨ।

ਯਾ, ਆਈ ਅਮ ਸਿੱਖ। ਮੈਂ ਹਾਂ ਵਿਚ ਇਸ਼ਾਰਾ ਕਰਨ ਦੀ ਕੋਸ਼ਿਸ਼ ਕਰਦਾ ਹਾਂ।

ਸੁੰਨੀ ਆਰ ਸ਼ੀਆ ਇੱਕ ਹੋਰ ਆਵਾਜ਼ ਮੈਨੂੰ ਕਿਰਚਾਂ ਨਾਲੋਂ ਤੇਜ਼ ਬਰਛੀ ਵਾਂਗ ਚੁਭੀ। ਉਹ ਸੱਚਮੁੱਚ ਹੀ ਅਨਾੜੀ ਸਨ ਜਾਂ ਮੇਰੀ ਸੁਰਤੀ ਨੂੰ ਟੋਹਣ ਲਈ ਬੇਢੱਬੇ ਪ੍ਰਸ਼ਨ ਪੁੱਛ ਰਹੇ ਸਨ। ਮੇਰੀ ਜ਼ਬਾਨ ਬੋਲਣ ਤੋਂ ਅਸਮਰੱਥ ਸੀ ਭਾਵੇਂ ਮੇਰੇ ਅੰਦਰ ਕਚੀਚੀਆਂ ਉੱਠਣ ਲੱਗੀਆਂ ਸਨ ਆਪਣੇ ਧਾਰਮਿਕ ਅਲੰਬਰਦਾਰਾਂ ਅਤੇ ਪ੍ਰਚਾਰਕਾਂ ’ਤੇ ਵੀ ਜੋ ਇਹਨਾਂ ਨੂੰ ਏਨਾ ਵੀ ਜਾਗਰੂਕ ਨਹੀਂ ਕਰ ਸਕੇ। ਚਲੋ ਉੱਠ ਕੇ ਸਮਝਾਵਾਂਗਾ ਇਨ੍ਹਾਂ ਨੂੰ।

ਉਹ ਤਾਂ ਮੁਸਲਮਾਨਾਂ ਦੇ ਦੋ ਸ਼ਾਖਾਵਾਂ-ਰੂਪਕ ਦ੍ਰਿਸ਼ਟੀਕੋਨ ਹਨ। ਮੁੱਢ-ਕਦੀਮੋਂ ਸਿੱਖਾਂ ਦੇ ਇਹ ਬੜੇ ਕੱਟੜ ਵਿਰੋਧੀ ਰਹੇ ਹਨ। ਦੋਹਾਂ ਦੇ ਧਾਰਮਿਕ ਤੇ ਸਮਾਜਿਕ ਦ੍ਰਿਸ਼ਟੀਕੋਣ ਵਿਚ ਜਿਮੀਂ ਅਸਮਾਨ ਦਾ ਫ਼ਰਕ ਹੈ। ਸਿਖ ਗੁਰੂਆਂ ਤੇ ਮੁਗਲ ਹਾਕਮਾਂ ਦਾ ਜ਼ਿਆਦਾ ਕਰਕੇ ਵੈਰ ਹੀ ਰਿਹਾ ਹੈ। ਹਾਕਮ ਟੋਲਾ ਗੁਰੂਆਂ ਦੇ

ਸਰਵ-ਸਾਂਝੀਵਾਲਤਾ ਦੇ ਸਿਧਾਂਤ ਨੂੰ ਨਕਾਰਦੇ ਤੇ ਨਫ਼ਰਤ ਕਰਦੇ ਰਹੇ ਹਨ। ਤਕੜੀ ਵੱਡੀ ਮੱਛੀ ਮਾੜੀ ਛੋਟੀ ਮੱਛੀ ਨੂੰ ਨਿਗਲ਼ ਜਾਂਦੀ ਹੈ ਤੇ ਵੱਡੀ ਜਾਤ ਅਲਪ ਸੰਖਿਅਕ ਨੂੰ ਹੜੱਪਣ ਦੀ ਕੋਸ਼ਿਸ਼ ਵਿਚ ਰਹਿੰਦੀ ਹੈ। ਇਸੇ ਤਰ੍ਹਾਂ ਮੁਗਲ ਹਕੂਮਤ ਨੇ ਇਹਨਾਂ ਦੀ ਕੌਮ ਵੀ ਖ਼ਤਮ ਕਰਨ ਦੀ ਚਾਲ ਚੱਲੀ ਪਰ ਇਹ ਜਿੰਨੇ ਵੱਢੇ ਓਨੇ ਹੋਰ ਦੀ ਹੋਰ ਜ਼ਰਬ ਹੁੰਦੇ ਵਧਦੇ ਰਹੇ। ਹਰ ਸ਼ਹੀਦ ਦੇ ਖ਼ੂਨ ਦੇ ਇਕ ਇਕ ਕਤਰੇ ਵਿਚੋਂ ਮਿਲੀਅਨ ਸਿਰਲੱਥ ਸੂਰਬੀਰ ਪੈਦਾ ਹੁੰਦੇ ਰਹੇ ਤੇ ਦੁਸ਼ਮਣ ਨਾਲ ਲੋਹਾ ਲੈਂਦੇ ਰਹੇ।

ਸ਼ਾਇਦ ਕੋਈ ਦੁਭਾਸ਼ੀਆ ਆ ਗਿਆ ਸੀ ਜਿਸ ਨੇ ਉਨ੍ਹਾਂ ਨੂੰ ਹੈਲੋ ਕਹਿ ਕੇ ਮੈਨੂੰ ਨਮਸਤੇ ਸਤਿ ਸ੍ਰੀ ਅਕਾਲ ਬੁਲਾ ਕੇ ਗੱਲ ਅੱਗੇ ਵਧਾਈ।

ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਮੋਢੀ ਸਨ। ਪੰਜਵੇਂ ਗੁਰੂ ਅਰਜਨ ਦੇਵ ਨੇ ਸਰਵ-ਧਰਮ ਬਾਣੀ ਇਕੱਠੀ ਕਰ ਕੇ ਇੱਕ ਸੰਪੂਰਨ ਗ੍ਰੰਥ ਸੰਪਾਦਨ ਕੀਤਾ ਜੋ ਜਹਾਂਗੀਰ ਨੂੰ ਨਹੀਂ ਸੁਖਾਇਆ। ਬੜੇ ਤਸੀਹੇ ਦੇ ਕੇ ਉਸ ਨੂੰ ਕਤਲ ਕਰ ਦਿੱਤਾ ਗਿਆ। ਬਾਈਬਲ ਦੇ ਸਿਧਾਂਤਾਂ ਨਾਲ ਮੇਲ ਖਾਂਦੇ ਇਸ ਧਰਮ ਗ੍ਰੰਥ ਨੂੰ ਸਾਰੇ ਅਨੁਆਈ ਗੁਰੂ ਮੰਨਦੇ ਹਨ  ਤੇ ਇਸ ਤੋਂ ਸੇਧ ਲੈਂਦੇ ਹਨ। ਇਸ ਮੱਤ ਦੇ ਨੌਵੇਂ ਗੱਦੀਦਾਰ ਯਾਨੀ ਕਿ ਨੌਵਾਂ ਨਾਨਕ ਗੁਰੂ ਤੇਗ ਬਹਾਦਰ ਜੋ ਦੂਸਰੇ ਸਾਰੇ ਧਰਮਾਂ ਦੀ ਧਾਰਮਿਕ ਆਜ਼ਾਦੀ ਦੇ ਹਾਮੀ ਸਨ, ਨੂੰ ਔਰੰਗਜ਼ੇਬ ਨੇ ਉਸ ਦੇ ਕਈ ਹੋਰ ਪੈਰੋਕਾਰਾਂ ਸਮੇਤ ਅਣਮਨੁੱਖੀ ਕਸ਼ਟ ਦੇ ਦੇ ਕੇ ਦਿੱਲੀ ਦੇ ਚਾਂਦਨੀ ਚੌਕ ਵਿਚ ਸਿਰ ਕਲਮ ਕਰ ਕੇ ਸ਼ਹੀਦ ਕਰ ਮੁਕਾਇਆ। ਗੁਰੂ ਗੋਬਿੰਦ ਸਿੰਘ ਨੂੰ ਤਕੜੀ ਵੰਗਾਰ ਦਾ ਸਾਹਮਣਾ ਕਰਨਾ ਪਿਆ।

ਖ਼ਾਲਸਾ ਪੰਥ ਦੀ ਸਾਜਣਾ ਤੇ ਸਥਾਪਨਾ ਇਹਨਾਂ ਹੀ ਵੈਰ ਤੇ ਵਧੀਕੀਆਂ ਦਾ ਨਤੀਜਾ ਸੀ। ਕੱਛਾ, ਕੜਾ, ਕਿਰਪਾਨ, ਕੰਘਾ ਤੇ ਕੇਸ ਧਾਰਮਿਕ ਚਿੰਨ੍ਹਾਂ ਦੀ ਬਖਸ਼ਿਸ਼ ਕਰ ਕੇ ਸਿੰਘ ਸਜਾਇਆ ਜਿਸ ਦਾ ਮਤਲਬ ਹੁੰਦਾ ਹੈ ਸ਼ੇਰ।ਲਾਇਨ। ਸਿੱਖਾਂ ਲਈ ਇਹ ਸਮਾਂ ਜੰਗਾਂ ਦਾ ਦੌਰ, ਬੜਾ ਸੰਘਰਸ਼ ਭਰਪੂਰ ਇਮਤਿਹਾਨ ਦਾ ਸਮਾਂ ਸੀ। ਇਹ ਸਾਰੇ ਕਕਾਰ ਸਿੱਧੇ ਜਾਂ ਅਸਿੱਧੇ ਰੂਪ ਵਿਚ ਜੰਗਾਂ ਨਾਲ ਹੀ ਸਬੰਧਿਤ ਹਨ। ਟੇਪ ਰਿਕਾਰਡਰ ਵਾਂਗ ਬਿਨ-ਬਰੇਕਾ ਵਿਖਿਆਨ ਮੇਰੇ ਕੰਨਾਂ ’ਚ ਚਲਦਾ ਰਿਹਾ।

ਸਿੱਖਾਂ ਲਈ ਕੜਾ ਹੱਥ ਦੇ ਗੁੱਟ ’ਤੇ ਪਹਿਨਣ ਵਾਲੀ ਬਖਸ਼ਿਸ਼ ਹੈ ਜੋ ਕਿਸੇ ਦੁਸ਼ਮਣ ਦੇ ਵਾਰ ਨੂੰ ਰੋਕ ਵੀ ਸਕਦਾ ਹੈ ਤੇ ਵਾਰ ਕਰਕੇ ਉਸ ਨੂੰ ਭੁਆਂਟਣੀਆਂ ਵੀ ਦੇ ਸਕਦਾ ਹੈ। ਕਛਹਿਰਾ ਜਤ-ਸਤ ਦਾ ਪ੍ਰਤੀਕ ਹੈ। ਕਿਰਪਾਨ ਜੰਗ ਲਈ ਤਿਆਰ ਬਰ ਤਿਆਰ ਰਹਿਣ ਦਾ ਸੰਕੇਤ ਹੈ। ਕੇਸ ਸੁੰਦਰਤਾ ਦੀ ਨਿਸ਼ਾਨੀ ਹੈ ਤੇ ਮਾੜੇ ਮੋਟੇ ਵਾਰ ਦੀ ਸੱਟ ਨੂੰ ਰੋਕਦਾ ਹੈ। ਕੰਘਾ ਸਫ਼ਾਈ ਦਾ ਚਿੰਨ੍ਹ ਹੈ, ਹਰ ਸਿੱਖ ਲਈ ਸਵੇਰੇ ਸ਼ਾਮ ਘੱਟੋ ਘੱਟ ਦੋ ਵੇਰਾਂ ਕੇਸਾਂ ਵਿਚ ਕੰਘਾ ਕਰਨਾ ਜ਼ਰੂਰੀ ਹੈ। ਦਸਤਾਰ ਸਿੱਖ ਦੀ ਅਣਖ, ਆਨ ਤੇ ਸ਼ਾਨ ਦਾ ਪ੍ਰਤੀਕ ਹੈ ਤੇ ਇਹ ਹਮਲਾਵਰ ਤੋਂ ਵੀ ਸਿਰ ਦਾ ਬਚਾਓ ਕਰਦਾ ਹੈ।

ਗੁਰੂ ਗੋਬਿੰਦ ਦੇ ਦੋ ਬੇਟੇ ਚਮਕੌਰ ਦੀ ਇਸ ਧਰਮ ਯੁੱਧ ਵਿਚ ਸ਼ਹੀਦ ਹੋ ਗਏ ਤੇ ਦੋ ਸਰਹਿੰਦ ਵਿਖੇ ਜਿਊਂਦੇ ਨੀਂਹਾਂ ਵਿਚ ਚਿਣਵਾ ਦਿੱਤੇ ਗਏ। ਉਹ ਫਿਰ ਵੀ ਜਿਊਂਦੇ ਨਿਕਲ ਆਏ। ਕੰਧ ਪਾਪ ਦੇ ਇਸ ਭਾਰ ਨਾਲ ਆਪਣੇ ਆਪ ਡਿਗਦੀ ਰਹੀ। ਅਖੀਰ ਉਨ੍ਹਾਂ ਨੂੰ ਬਾਹਰ ਲਿਜਾ ਕੇ ਸਿਰ ਕਲਮ ਕਰ ਦਿੱਤੇ ਗਏ।

ਸੱਪ ਦੇ ਬੱਚੇ ਸੱਪ ਹੀ ਨਿਕਲਦੇ ਹਨ ਇਹਨਾਂ ਦੀਆਂ ਜੰਮਦੀਆਂ ਸਿਰੀਆਂ ਮਿੱਧ ਦਿਓ। ਜਾਬਰ ਹਕੂਮਤ ਦਾ ਨਿਰਨਾ ਸੀ।

ਮਨੁੱਖੀ ਕਿਰਦਾਰ ਕਿਸੇ ਧਰਮ ਜਾਂ ਕਬੀਲੇ ਨਾਲ ਨਹੀਂ ਜੁੜੇ ਹੁੰਦੇ। ਹਰ ਥਾਂ, ਹਰ ਕੌਮ ਵਿਚ ਚੰਗੇ ਮਾੜੇ ਬੰਦਿਆਂ ਦੀ ਕਮੀ ਨਹੀਂ। ਨਵਾਬ ਮਲੇਰਕੋਟਲਾ ਜੋ ਮੁਸਲਮਾਨ ਹੁੰਦੇ ਹੋਏ ਮੁਗ਼ਲਾਂ ਦਾ ਸਿਰਕੱਢ ਆਗੂ ਵੀ ਸੀ, ਨੇ ਗੁਰੂ ਜੀ ਨਾਲ ਹੱਕ ਸੱਚ ਤੇ ਇਨਸਾਫ਼ ਦੀ ਆਪਣੀ ਵਫ਼ਾਦਾਰੀ ਨਿਭਾਈ। ਉਸ ਨੇ ਸਾਹਿਬਜ਼ਾਦਿਆਂ ਦੀ ਸਜ਼ਾ ਸੁਣ ਕੇ ਸ਼ਹਾਦਤ 'ਤੇ ਆਹ ਦਾ ਨਾਅਰਾ ਲਗਾਇਆ ਸੀ ਕਿ ਪਿਤਾ ਦਾ ਬਦਲਾ ਬੱਚਿਆਂ ਤੋਂ ਲੈਣਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ। ਦੂਸਰੇ ਪਾਸੇ ਚੰਦੂ ਬ੍ਰਾਹਮਣ ਸੀ ਜੋ ਸਿੱਖਾਂ ਦੇ ਬਹੁਤ ਨੇੜੇ ਸੀ, ਨੇ ਗੁਰੂ ਜੀ ਨਾਲ ਨਿੱਜੀ ਕਿੜ ਪੁਗਾਉਂਦੇ ਉਨ੍ਹਾਂ ਕੋਲੋਂ ਆਪਣੀ ਈਨ ਮਨਵਾਉਣ ਲਈ ਜਹਾਂਗੀਰ ਦੇ ਕੰਨ ਭਰੇ ਸਨ। ਤੱਤੀ ਤੱਤੀ ਲੋਹ'ਤੇ ਬਿਠਾ ਕੇ ਸੜਦੀ ਬਾਲੂ ਦੇ ਗਰਮ ਕੜਛੇ ਪਾਏ, ਉੱਬਲਦੇ ਪਾਣੀ ਵਿਚ ਬਿਠਾ ਕੇ ਤਸ਼ੱਦਦ ਕੀਤਾ ਗਿਆ ਤੇ ਫਿਰ ਰਾਵੀ ਦਰਿਆ ਵਿਚ ਰੋੜ੍ਹ ਦਿੱਤਾ ਗਿਆ।

ਕੀ ਈਨ ਮਨਵਾਉਣੀ ਚਾਹੁੰਦਾ ਸੀ

ਆਪਣੀ ਲੜਕੀ ਦਾ ਰਿਸ਼ਤਾ ਅਰਜਨ ਦੇ ਹੋਣਹਾਰ ਬੇਟੇ ਹਰਗੋਬਿੰਦ ਨਾਲ ਕਰਨਾ ਚਾਹੁੰਦਾ ਸੀ ਜੋ ਸੰਗਤ ਨੂੰ ਮਨਜ਼ੂਰ ਨਹੀਂ ਸੀ। ਇਸ ਲਈ ਗੁਰੂ ਜੀ ਨੇ ਠੁਕਰਾ ਦਿੱਤਾ ਸੀ।

ਦੁਭਾਸ਼ੀਆ ਪੜ੍ਹਿਆ ਲਿਖਿਆ ਸਿੱਖ ਇਤਿਹਾਸ ਤੋਂ ਕੁੱਝ ਕੁੱਝ ਜਾਣੂੰ ਵਿਦਵਾਨ ਹੋਣ ਦਾ ਮੁਜ਼ਾਹਰਾ ਕਰ ਰਿਹਾ ਸੀ।

ਇਸ ਕਾ ਮਤਲਬ ਯਹ ਹੋਇਆ ਕਿ ਗੁਰੂ ਅਰਜਨ ਵੀ ਬ੍ਰਾਹਮਣ ਸੀ

ਹਾਂ ਹਾਂ ਬਿਲਕੁਲ ਬ੍ਰਾਹਮਣ ਹੀ ਬ੍ਰਾਹਮਣ ਦੇ ਘਰ ਰਿਸ਼ਤਾ ਕਰੇਗਾ ਹਥੌੜੇ ਵਰਗੇ ਉਸ ਦੇ ਤਰਕ ਨਾਲ ਮੇਰਾ ਸਾਰਾ ਵਜੂਦ ਕੰਬ ਉੱਠਿਆ। ਬੋਲਣ ਦੀ ਮੇਰੀ ਕੋਸ਼ਿਸ਼ ਜਕੜ-ਬੰਦਾਂ ਨੇ ਨਾ-ਕਾਮਯਾਬ ਕਰ ਦਿੱਤੀ।

ਲੰਗਰ ਪ੍ਰਥਾ ਇਸ ਧਰਮ ਦੀ ਹੋਰ ਵੀ ਇਲਾਹੀ ਨਿਵੇਕਲੀ ਦੇਣ ਹੈ। ਗੁਰੂ ਦੁਆਰਿਆਂ ਵਿਚ ਚੌਵੀ ਘੰਟੇ ਮੁਫ਼ਤ ਖਾਨ-ਪਾਨ ਦਾ ਲੰਗਰ ਚੱਲਦਾ ਹੈ ਤੇ ਕੋਈ ਵੀ ਇੱਥੋਂ ਬਿਨਾਂ ਕਿਸੇ ਜਾਤ-ਪਾਤ ਦੇ ਭੇਦ-ਭਾਵ ਤੋਂ ਮੁਫ਼ਤ ਖਾ ਸਕਦਾ ਹੈ। ਮੇਲੇ ਤਿਉਹਾਰਾਂ ਸਮੇਂ ਰਾਹ ਰਸਤੇ ਰੋਕ ਰੋਕ ਕੇ ਇਹ ਲੋਕ ਯਾਤਰੂਆਂ ਦੀ ਸੇਵਾ ਕਰਦੇ ਹਨ। ਜਹਾਂਗੀਰ ਦਾ ਖੁਸਰੋ ਵੀ ਜਦ ਬਾਗ਼ੀ ਹੋ ਗਿਆ ਤਾਂ ਇਸੇ ਲੰਗਰ ਤੋਂ ਪਰਸ਼ਾਦਾ ਛਕਣ ਨਾਲ ਗੁਰੂ ਅਰਜਨ ਨਾਲ ਜਹਾਂਗੀਰ ਦੀ ਦੁਸ਼ਮਣੀ ਦਾ ਕਾਰਨ ਬਣਿਆ ਸੀ।

ਜਿੱਥੇ ਕੁਲੰਬਸ ਨੇ ਅਮਰੀਕਾ ਦੀ ਖੋਜ ਕੀਤੀ, ਉੱਥੇ ਇਹਨਾਂ ਸਿੱਖਾਂ, ਗ਼ਦਰੀ ਬਾਬਿਆਂ ਨੇ ਭਾਰਤ ਦੀ ਵਿਦੇਸ਼ੀ ਬਰਤਾਨਵੀ ਹਕੂਮਤ ਤੋਂ ਬਾਗ਼ੀ ਹੋ ਕੇ ਇੱਥੇ ਕੈਲੀਫੋਰਨੀਆਂ ਤੇ ਹੋਰ ਥਾਵਾਂ ’ਤੇ ਆ ਸ਼ਰਨ ਲਈ। ਇੱਥੇ ਝੰਡੇ ਗੱਡ ਕੇ ਆਪਣੇ ਆਪ ਨੂੰ ਲਾਮਬੰਦ ਕੀਤਾ। ਪੂਰੀ ਤਿਆਰੀ ਕਰਕੇ ਵਾਪਸ ਜਾ ਕੇ ਮੁੜ ਆਜ਼ਾਦੀ ਦਾ ਬਿਗਲ ਵਜਾਇਆ ਤੇ ਭਾਰਤ ਨੂੰ ਆਜ਼ਾਦ ਕਰਾਇਆ। ਕੁੱਝ ਜਿਹੜੇ ਇੱਥੇ ਰਹਿ ਗਏ ਉਨ੍ਹਾਂ ਬੜੀ ਮਿਹਨਤ ਨਾਲ ਬੰਜਰ ਜ਼ਮੀਨ ਆਬਾਦ ਕੀਤੀ ਤੇ ਖੇਤੀ ਵਿਚ ਮੱਲਾਂ ਮਾਰ ਕੇ ਸੋਨਾ ਉਗਾਇਆ। ਬੜੀ ਸੁਹਿਰਦਤਾ ਨਾਲ ਇਹਨਾਂ ਸੁੰਦਰ ਸੁਨਹਿਰੀ ਅਮਰੀਕਾ ਦੀ ਉੱਨਤੀ ਅਤੇ ਪ੍ਰਗਤੀ ਵਿਚ ਬੜਾ ਯੋਗਦਾਨ ਪਾਇਆ।

ਇੰਦਰਾ ਗਾਂਧੀ ਵੀ ਇਹਨਾਂ ਮਾਰੀ ਸੀ ਕਰੇਲੇ ਵਰਗੀ ਕਾਟ ਜਿਹੀ ਉੱਭਰੀ।

ਹਾਂ ਹਾਂ। ਬਿਲਕੁਲ ਇਸ ਦਾ ਜੁਆਬ ਤੁਹਾਡੇ ਅੰਦਰ ਹੈ ਝਾਤੀ ਮਾਰ ਕੇ ਵੇਖੋ। ਜੇ ਕੋਈ ਜਰਵਾਣਾ ਤੁਹਾਡਾ ਘਰ ਢਾਹ ਦੇਵੇ, ਤੁਹਾਡੇ ਧਾਰਮਿਕ ਜਜ਼ਬਾਤਾਂ ’ਤੇ ਟੈਂਕ ਫੇਰ ਦੇਵੇ, ਤੁਹਾਡੇ ਬੱਚੇ। ਤੁਹਾਡੀ ਪਨੀਰੀ ਤੁਹਾਡੇ ਸਾਹਮਣੇ ਕੋਹ ਕੇ ਖ਼ਤਮ ਕਰਨ ਦੀ ਠਾਣ ਲਵੇ ਤਾਂ ਤੁਸੀਂ ਕੀ ਕਰੋਗੈ ਆਪਣੀ ਰਸਤੇ ਤੁਰੀ ਜਾਂਦੀ ਕੀੜੀ ’ਤੇ ਵੀ ਜੇ ਪੈਰ ਰੱਖੋਗੇ ਤਾਂ ਉਹ ਦੰਦੀ ਵੱਢੇਗੀ। ਠੀਕ ਹੈ ਨਾ

ਇਤਨੀ ਬਹਾਦਰ ਪਿਛੋਕੜ ਵਾਲੀ ਇਹ ਕੌਮ ਪਿਛੜੀ ਹੋਈ ਕਿਉਂ ਹੈ। ਅਜੇ ਤੱਕ ਇਸ ਨੂੰ ਮੁਨਾਸਬ ਮਾਨਤਾ ਨਹੀਂ ਮਿਲੀ ਮੈਂ ਭੀ ਇਕ ਚੁਟਕਲਾ ਸੁਣਿਆ ਹੈ ਕਿ ਸਰਦਾਰ ਤੇ ਆਲੂ ਦੁਨੀਆ ਦੇ ਹਰ ਹਿੱਸੇ ਵਿਚ ਮੌਜੂਦ ਮਿਲਦੇ ਹਨ ਤੇ ਹਰ ਜਗ੍ਹਾ ਕੰਮ ਆਉਂਦੇ ਹਨ। ਔਜ਼ਾਰਾਂ ਨਾਲ ਮੇਰੇ ਸਰੀਰ ਨੂੰ ਚੂੰਡਦਾ ਫੋਲਾ-ਫਾਲੀ ਕਰਦਾ ਡਾਕਟਰ ਦਾ ਹੱਥ ਰੁਕਿਆ।

ਨਹੀਂ ਇਹ ਚੁਟਕਲਾ ਹੀ ਨਹੀਂ, ਇਹ ਅਟੱਲ ਸਚਾਈ ਵੀ ਹੈ। ਅਮਰੀਕਾ ਦੀ ਸਪੇਸ ਇਸਤ੍ਰੀ ਕਲਪਨਾ ਚਾਵਲਾ ਅਤੇ ਸੁਨੀਤਾ ਵੀ ਤਾਂ ਅਜੇਹੀਆਂ ਉਦਾਹਰਨਾਂ ਹਨ। ਪਰ ਇਸ ਪੱਖ ਤੋਂ ਇਹ ਵੀ ਸਿਆਸਤ ਦਾ ਖੇਲ ਹੀ ਜਾਪਦਾ ਹੈ। ਇਹਨਾਂ ਦੀ ਸੂਰਬੀਰਤਾ ਸਿਆਸਤ ਦੇ ਟੇਟੇ ਚੜ੍ਹ ਗਈ ਲਗਦੀ ਹੈ। ਖਾਣ ਪੀਣ ਨੂੰ ਭਾਗਭਰੀ ਭੰਡੇ ਖਾਣ ਨੂੰ ਰਿੱਛ। ਹਰ ਥਾਂ ਸਿਰ ਦੇਣ ਵਾਲੇ ਆਪਣਾ ਸਿਰ ਜੋੜ ਕੇ ਇਕੱਠੇ ਨਹੀਂ ਬੈਠ ਸਕਦੇ ਤੇ ਭਾਂਡਿਆਂ ਵਾਂਗ ਖੜਕਣ ਲੱਗ ਪੈਂਦੇ ਹਨ ਤੇ ਵਿਰੋਧੀ ਇਸ ਦਾ ਖੂਬ ਫ਼ਾਇਦਾ ਲੈਂਦੇ ਹਨ।

ਨਹੀਂ ਯਹ ਵੀ ਨਹੀਂ ਭਾਰਤ ਦਾ ਪ੍ਰਧਾਨ ਮੰਤਰੀ, ਵਿਦੇਸ਼ੀ ਮੰਤਰੀ, ਫ਼ੌਜਾਂ ਦਾ ਮੁਖੀ ਸਾਰੇ ਸਿੱਖ ਹਨ। ਈਵਨ ਕੈਨੇਡਾ, ਅਮਰੀਕਾ ਤੇ ਇੰਗਲੈਂਡ ਵਿਚ ਬਹੁਤ ਥਾਂਈਂ ਇਹ ਸਿਆਸਤ ਵਿਚ ਸ਼ਾਮਲ ਹੋ ਗਏ ਨੇ ਤੇ ਕਈ ਉੱਚੇ ਅਹੁਦਿਆਂ ’ਤੇ ਮੱਲਾਂ ਮਾਰ ਚੁੱਕੇ ਨੇ। ਹੋਰ ਮੁਲਕਾਂ ਵਿਚ ਵੀ ਆਉਣ ਵਾਲੇ ਹਨ। ਇਕ ਹੋਰ ਵਿਅਕਤੀ ਨੇ ਆਪਣੇ ਗਿਆਨੀ ਹੋਣ ਦਾ ਸਬੂਤ ਦਿੰਦੇ ਹਿੱਸਾ ਪਾਇਆ।

ਸਿੱਖ ਧਰਮ ਦੁਨੀਆਂ ਦੇ ਸਭ ਤੋਂ ਵੱਡੇ ਪੰਜਾਂ ਧਰਮਾਂ ਵਿਚੋਂ ਇਕ ਪਰ ਉਮਰ ਵਿਚ ਸਭ ਤੋਂ ਛੋਟਾ ਧਰਮ ਹੈ। ਇਸ ਵੇਲੇ ਸਾਰੇ ਸੰਸਾਰ ਵਿਚ ਸਿੱਖਾਂ ਦੀ ਸੰਖਿਆ ਚੌਵੀ ਮਿਲੀਅਨ ਦੇ ਲਗਭਗ ਹੈ ਜਿਨ੍ਹਾਂ ਵਿਚੋਂ ਅਠਾਰਾਂ ਪ੍ਰਤੀਸ਼ਤ ਭਾਰਤੀ ਪੰਜਾਬ, ਤਿੰਨ ਬਾਕੀ ਭਾਰਤ, ੦.੯ ਇੰਗਲੈਂਡ, ੦.੫ ਅਮਰੀਕਾ, ੦.੫ ਕੈਨੇਡਾ, ਤੇ ਬਾਕੀ ਹੋਰ ਦੇਸ਼ਾਂ ਦੀ ਪ੍ਰਫੁੱਲਤਾ ਵਿਚ ਹਿੱਸਾ ਪਾ ਰਹੇ ਹਨ।

ਦਰਵੇਸ਼ ਗੁਰੂ ਅਰਜਨ ਉੱਤੇ ਵਰਤਾਏ ਤਸੀਹੇ ਵੇਖ ਸੁਣ ਕੇ ਧਰਤ ਅਸਮਾਨ ਕੰਬ ਉੱਠਿਆ ਸੀ ਪਰ ਜ਼ਾਲਮ ਚੰਦੂ ਤੇ ਜਹਾਂਗੀਰ ਦਾ ਕਾਲਜਾ ਨਹੀਂ ਸੀ ਡੋਲਿਆ। ਉਨ੍ਹਾਂ ਨੇ ਜਿਵੇਂ ਪਹਾੜ ਢਾਹ ਦਿੱਤਾ ਹੋਵੇ। ਆਪਣੀ ਕੀਤੀ ’ਤੇ ਬਹੁਤ ਗਰੂਰੀ ਵਿਚ ਸਨ ਭਾਵੇਂ ਇਹ ਸਾਕਾ ਮੁਗਲ ਹਕੂਮਤ ਦੀ ਅਰਥੀ ਵਿਚ ਕਿੱਲ ਸਾਬਤ ਹੋਇਆ ਸੀ। ਥੋੜੀ ਹੀ ਦੇਰ  ਵਿਚ ਇਕ ਸੂਰਬੀਰ ਜੋਧੇ ਬੰਦਾ ਬਹਾਦਰ ਨੇ ਬਦਲੇ ਦਾ ਘੜਿਆਲ ਵਜਾ ਦਿੱਤਾ ਸੀ ਤੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਢਹਿ ਢੇਰੀ ਕਰ ਦਿੱਤੀ ਸੀ।

ਪਿੱਛੇ ਜਿਹੇ ਸੰਨ ਦੋ ਹਜ਼ਾਰ ਇੱਕ ਵਿਚ ਅਮਰੀਕਾ ਦੇ ਵਾਸ਼ਿੰਗਟਨ ਵਿਖੇ ਨਾਈਨ ਇਲੈਵਨ ਦੀ ਮਨਹੂਸ ਘਿਣਾਉਣੀ ਅਚਨਚੇਤ ਹਰਕਤ ਵੇਲੇ, ਉਸ ਤੋਂ ਬਾਅਦ ਤੇ ਅੱਜ ਤੱਕ ਵੀ ਨਾਮਜ਼ਦ ਸ਼ੱਕੀ ਹਮਲਾਵਰਾਂ ਦੇ ਭੁਲੇਖੇ ਇਹਨਾਂ ਨੂੰ ਗਲਤ ਪਹਿਚਾਣ ਕਰਕੇ ਬਹੁਤ ਨੁਕਸਾਨ ਉਠਾਉਣਾ ਪਿਆ ਹੈ। ਇਹਨਾਂ ਦੀ ਪਗੜੀ ਤੇ ਦਾੜ੍ਹੀ ਕੁੱਝ ਹੱਦ ਤੱਕ ਹਮਲਾਵਰ ਨਾਲ ਕੁੱਝ ਕੁੱਝ ਇਕਸਾਰ ਸਮਾਨਤਾ ਰੱਖਦੀ ਹੈ।ਜਿਸ ਕੇ ਸਿਰ ਉੱਪਰ ਤੂੰ ਸੁਆਮੀ, ਸੋ ਦੁੱਖ ਕੈਸਾ ਪਾਵੈ। ਦੁਭਾਸ਼ੀਏ ਦੇ ਸ਼ਬਦ ਸੁਣਾਈ ਦਿੱਤੇ। ਬਹੁਤ ਕੁੰਦਰਾਂ ਫੋਲਦੇ ਰਹੇ, ਡਾਕਟਰਾਂ ਨੂੰ ਕੁਛ ਵੀ ਗ਼ਲਤ ਨਾ ਲੱਭਾ।

ਮਨੁੱਖਤਾ ਦੇ ਇਹ ਬੜੇ ਵੱਡੇ ਸੇਵਾਦਾਰ ਹਨ। ਜੰਗ ਦੇ ਮੈਦਾਨ ਵਿਚ ਵੀ ਗੁਰੂ ਗੋਬਿੰਦ ਸਿੰਘ ਦਾ ਵਰੋਸਾਇਆ ਭਾਈ ਘਨੱਈਆ ਜ਼ਖਮੀ ਦੁਸ਼ਮਣਾਂ ਨੂੰ ਪਾਣੀ ਪਿਆਉਂਦਾ ਤੇ ਮਲ੍ਹਮ ਪੱਟੀ ਕਰਦਾ ਰਿਹਾ ਸੀ। ਹੁਣ ਵੀ ਕੈਟਰੀਨਾ ਦੇ ਤੁਫ਼ਾਨਾਂ ਵੇਲੇ, ਦੁਨੀਆਂ ਦੇ ਭੁਚਾਲਾਂ ਵੇਲੇ ਤੇ ਹੋਰ ਕੁਦਰਤੀ ਆਫ਼ਤਾਂ ਦੌਰਾਨ ਇਹਨਾਂ ਆਪਣੀ ਜਾਨ ਹੂਲ ਕੇ ਆਪਣਾ ਤਨ ਮਨ ਧਨ ਖ਼ਤਰੇ ’ਚ ਪਾ ਕੇ ਮਨੁੱਖਤਾ ਦੀ ਸੇਵਾ ਕੀਤੀ ਤੇ ਕਰਨ ਲਈ ਤਤਪਰ ਰਹਿੰਦੇ ਹਨ।  ਮੈਂ ਫਿਜ਼ੀ ਪਿਛੋਕੜ ਵਾਲਾ ਅਮਰੀਕੀ ਨਾਗਰਿਕ ਹਾਂ। ਮੇਰਾ ਨਾਮ ਸੋਤਾਂਲੀ ਹੈ। ਮੈਨੂੰ ਦਲਾਈਲਾਮਾ ਦੇ ਪਿੱਛੇ ਮਕਲੋਡ ਗੰਜ ਧਰਮਸ਼ਾਲਾ ਤੇ ਫਿਰ ਹਰਿ-ਮੰਦਿਰ ਸਾਹਿਬ ਅੰਮ੍ਰਿਤਸਰ ਜਾਣ ਦਾ ਇਤਫ਼ਾਕੀਆ ਸਬੱਬ ਬਣਿਆ। ਮੈਂ ਬੋਧੀ, ਈਸਾਈ ਜਾਂ ਕਿਸੇ ਵੀ ਹੋਰ ਧਰਮ ਦਾ ਮਿਸ਼ਨਰੀ ਨਹੀਂ ਹਾਂ। ਮੈਂ ਸਿੱਖਾਂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਮੈਂ ਹਰ ਧਰਮ ਦਾ ਦਿਲੋਂ ਸਤਿਕਾਰ ਕਰਦਾ ਹਾਂ। ਮੇਰੀ ਜ਼ਿੰਮੇਵਾਰੀ ਲੱਗੀ ਸੀ ਕਿ ਤੁਹਾਡੇ ਉਪਰੇਸ਼ਨ ਵੇਲੇ ਮੈਂ ਗੱਲਾਂ ਕਰ ਕਰ ਕੇ ਤੁਹਾਡੇ ਦਿਮਾਗ਼ ਨੂੰ ਚੇਤੰਨ ਜਾਗਦੇ ਰੱਖਣਾ ਹੈ। ਤੁਸੀਂ ਸੁਣੀਆਂ ਮੇਰੀਆਂ ਸਾਰੀਆਂ ਗੱਲਾਂ, ਪਸੰਦ ਆਈਆਂ ਤੁਹਾਨੂੰ?

ਹਾਂ ਹਾਂ ਧੰਨਵਾਦ। ਮੈਂ ਹੱਥ ਜੋੜਨ ਦੀ ਕੋਸ਼ਿਸ਼ ਕਰਦਾ ਹਾਂ।

ਅਸਲ ਵਿਚ ਮੈਨੂੰ ਕੋਈ ਸੋਝੀ ਹੀ ਨਹੀਂ ਰਹੀ ਕਿ ਜੋ ਮੈਂ ਸੁਣਿਆ ਹੰਢਾਇਆ ਇਹ ਕੋਈ ਸੁਪਨਾ ਸੀ ਜਾਂ ਸਚਾਈ ਹਕੀਕਤ।

ਤੁਹਾਡੇ ਸਾਰੇ ਵਿਖਿਆਨ ਸੁਣਦਾ ਰਿਹਾ ਹਾਂ ਤੇ ਤੁਹਾਡੇ ਗਿਆਨ ਦਾ ਕਾਇਲ ਹਾਂ ਪਰ ਮੈਂ ਵੀ ਤੁਹਾਡੇ ਭੰਡਾਰ ਵਿਚ ਕੁੱਝ ਦਰੁਸਤੀ ਤੇ ਕੁਛ ਵਾਧਾ ਕਰਨਾ ਲੋਚਦਾ ਹਾਂ। ਮੈਨੂੰ ਇਸ ਦੀ ਲੋੜ ਜਾਪੀ ਹੈ।

ਇਕ ਨਰਸ ਨੇ ਆ ਕੇ ਮੇਰੇ ਉੱਪਰ ਕੰਬਲ ਸਿੱਧਾ ਕੀਤਾ ਹੈ। ਮੈਂ ਸਮਝ ਜਾਂਦਾ ਹਾਂ ਉਹ ਉਸ ਨੂੰ ਵੀ ਮੈਨੂੰ ਅਵਾਜ਼ਾਰ ਨਾ ਕਰਨ ਦਾ ਇਸ਼ਾਰਾ ਕਰ ਰਹੀ ਹੈ।

ਬਹੁਤ ਬਹੁਤ ਧੰਨਵਾਦ। ਮੁਬਾਰਕਾਂ ਤੁਹਾਨੂੰ ਤੁਹਾਡੇ ਅੰਦਰ ਕੋਈ ਵੀ ਅਸਧਾਰਨਤਾ ਨਹੀਂ ਮਿਲੀ। ਇਹ ਵੀ ਕੋਈ ਚਮਤਕਾਰ ਹੀ ਹੋਇਆ ਹੈ ਕਿ ਐਕਸ-ਰੇ ਤੇ ਟੈੱਸਟਾਂ ਵਿਚ ਦਿਸਣ ਵਾਲੇ ਘਾਤਕ ਨਾਮੁਰਾਦ ਅੰਸਰ ਸਾਨੂੰ ਤੁਹਾਡੇ ਅੰਦਰ ਕੁੱਝ ਵੀ ਨਹੀਂ ਮਿਲੇ। ਲਿਵਰ ਸਿਹਤਮੰਦ ਹੈ ਤੇ ਸਭ ਕੁਛ ਸਾਧਾਰਨ ਨਿਰੋਗ ਹੈ। ਤੁਹਾਡਾ ਪੇਟ ਖੋਲ੍ਹ ਕੇ ਮੁੜ ਬੰਦ ਕਰ ਦਿੱਤਾ ਹੈ। ਤੁਸੀਂ ਜਦ ਚਾਹੋ ਜਲਦੀ ਹੀ ਘਰ ਜਾ ਸਕਦੇ ਹੋ। ਗੁੱਡ ਲੱਕ ਡਾਕਟਰ ਹੱਸਦਾ ਮੁਸਕਰਾਉਂਦਾ ਮੈਨੂੰ ਦਿਲਾਸਾ ਦਿੰਦਾ ਮੋਢਾ ਥਾਪੜਦਾ, ਨਰਸ ਨੂੰ ਸਮਝਾਉਂਦਾ ਪਰੇ ਚਲੇ ਜਾਂਦਾ ਹੈ।

ਸਰਬ ਰੋਗ ਕਾ ਅਉਖਧ ਨਾਮ

ਮੈਂ ਮਨ ਹੀ ਮਨ ਵਿਚ ਉੱਪਰ ਵਾਲੇ ਮਿਹਰਬਾਨ ਦਾ ਮਸ਼ਕੂਰ ਹੁੰਦਾ ਹੱਥ ਜੋੜਦਾ ਨਮਸਕਾਰ ਕਰਦਾ ਹਾਂ।

**ਚਰਨਜੀਤ ਸਿੰਘ ਪੰਨੂ**
**ਅਮਰੀਕਾ**


# ਜੀ ਆਇਆਂ ਨੂੰ

## ਅੰਤਰਰਾਸ਼ਟਰੀ ਪਰਵਾਸੀ ਪੰਜਾਬੀ ਕਾਨਫ਼ਰੰਸ

**ਮਿਤੀ: 23-24 ਜਨਵਰੀ, 2020**

**ਸਥਾਨ: ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ**

**ਵੱਲੋਂ: ਪਰਵਾਸੀ ਸਾਹਿਤ ਅਧਿਅਨ ਕੇਂਦਰ**

## ਪੁਸਤਕ ਸਮੀਖਿਆ

# ਅਣਗਾਹੇ ਰਾਹ : ਗਿਆਨ ਸਿੰਘ ਸੰਧੂ

### ਡਾ. ਅੰਮ੍ਰਿਤਪਾਲ ਕੌਰ



ਡਾ. ਅੰਮ੍ਰਿਤਪਾਲ ਕੌਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਲਿਟਰੇਰੀ ਸਟੱਡੀਜ਼ ਵਿਭਾਗ ਵਿਚ ਬਤੌਰ ਪ੍ਰੋ. ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ। ਇਨ੍ਹਾਂ ਦਾ ਖੇਤਰ ਵਿਸ਼ੇਸ਼ ਮੱਧਕਾਲੀ ਪੰਜਾਬੀ ਕਵਿਤਾ ਹੈ, ਇਸ ਤੋਂ ਇਲਾਵਾ ਇਨ੍ਹਾਂ ਨੇ ਗੁਰਬਾਣੀ ਤੇ ਪਰਵਾਸੀ ਸਾਹਿਤ ’ਤੇ ਵੀ ਨਿੱਠ ਕੇ ਆਲੋਚਨਾਤਮਕ ਕਾਰਜ ਕੀਤਾ ਹੈ। ਆਲੋਚਕ ਤੇ ਸੰਪਾਦਕ ਦੇ ਰੂਪ ’ਚ ਉਨ੍ਹਾਂ ਪੰਜਾਬੀ ਸਾਹਿਤ, ਭਾਸ਼ਾ ਤੇ ਸਭਿਆਚਾਰ ਪ੍ਰਤੀ ਆਪਣੀ ਅਣਥੱਕ ਭੂਮਿਕਾ ਨਿਭਾਈ ਹੈ।ਅਨੇਕਾਂ ਹੀ ਰਾਸ਼ਟਰੀ ਸੈਮੀਨਾਰਾਂ ਤੇ ਕਾਨਫ਼ਰੰਸਾਂ ਵਿਚ ਆਪਣੇ ਖੋਜ-ਪੱਤਰ ਪ੍ਰਸਤੁਤ ਕਰ ਚੁੱਕੇ ਹਨ। ਪੁਸਤਕ ‘ਗੁਰਬਾਣੀ ਸੰਚਾਰ ਵਿਗਿਆਨ’ ਲਈ ਜਿਨ੍ਹਾਂ ਨੂੰ ‘ਭਾਈ ਕਾਨ੍ਹ ਸਿੰਘ ਨਾਭਾ’ ਤੇ ‘ਮੌਲਾ ਬਖ਼ਸ਼ ਕੁਸ਼ਤਾ ਐਵਾਰਡ’ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ

ਗਿਆਨ ਸਿੰਘ ਸੰਧੂ ਰਚਿਤ ਪੁਸਤਕ ‘ਅਣਗਾਹੇ ਰਾਹ’ ਲੇਖਕ ਦੀ ਸਭਿਆਚਾਰਕ ਯਾਦ ਦੀ ਪੁਨਰ ਸਿਰਜਣਾ ਦਾ ਗਾਲਪਨਿਕ ਬਿਰਤਾਂਤ ਹੈ। ਜਿਸ ਦੇ ਅੰਤਰਗਤ ਕੈਨੇਡਾ ਦੇ ਸਿੱਖਾਂ ਦੇ ਹਾਸ਼ੀਏ ਤੋਂ ਮੁਖ ਧਾਰਾ ਵਿਚ ਪ੍ਰਵੇਸ਼ ਹੋਣ ਦੇ ਸੰਘਰਸ਼ ਦੀ ਗਾਥਾ ਨੂੰ ਲੇਖਕ ਸਵੈ ਜੀਵਨੀ ਦੇ ਰੂਪ ਵਿਚ ਅਭਿਵਿਅਕਤ ਕਰਦੇ ਹਨ। ਪੁਸਤਕ ਪੜ੍ਹਨ ਉਪਰੰਤ ਸਭ ਤੋਂ ਪਾਹਿਲਾ ਜਿਹੜਾ ਵਿਚਾਰ ਜ਼ਿਹਨ ਵਿਚ ਆਉਂਦਾ ਹੈ ਕਿ ਇਤਿਹਾਸ ਪੁਸਤਕ ਰੂਪ ਲੈਣ ਤੋਂ ਪਹਿਲਾਂ ਵਿਅਕਤੀ ਦੇ ਪਿੰਡੇ ਤੇ ਉਕਰਿਆ ਜਾਂਦਾ ਹੈ ਤੇ ਫੇਰ ਸ਼ਾਬਦਿਕ ਅਭਿਵਿਅਕਤੀ ਦਾ ਸਾਧਨ ਬਣਦਾ ਹੈ। ਦਿੱਖ ਰੂਪ ਵਿਚ ਸਵੈ ਜੀਵਨੀ ਵਾਲੀ ਇਹ ਰਚਨਾ ਇਕ ਇਤਿਹਾਸਕ ਦਸਤਾਵੇਜ਼ ਜਾਪਦੀ ਹੈ। ਜਿਸਦੇ ਅੰਤਰੀਵੀ ਪਾਠ-ਪ੍ਰਵੇਸ਼ ਵਿਚ ਇਤਿਹਾਸਕ ਘਟਨਾਵਾਂ, ਤੱਥਾਂ, ਮਿਤੀਆਂ, ਪਾਤਰਾਂ, ਨਾਵਾਂ, ਥਾਵਾਂ ਨੂੰ ਹੂ-ਬ-ਹੂ ਪੇਸ਼ ਕਰਦਿਆਂ ਲਗਭਗ ਚਾਰ ਦਹਾਕਿਆਂ ਦੇ ਇਤਿਹਾਸ ਨੂੰ ਸਮੋਇਆ ਗਿਆ ਹੈ।

ਪਰਵਾਸ ਵਿਸ਼ਵੀ ਵਰਤਾਰਾ ਹੈ। ਮੁੱਢਲੇ ਦੌਰ ਵਿਚ ਕੈਨੇਡਾ ਵਿਖੇ ਮਜ਼ਬੂਰੀ ਵੱਸ ਕੀਤਾ ਗਿਆ ਪਰਵਾਸ ਵਰਤਮਾਨ ਸਮੇਂ ਸਵੈ-ਇਛਤ ਰੂਪ ਧਾਰਨ ਕਰ ਗਿਆ ਹੈ। ਨਿਰਸੰਦੇਹ ਵਿਸ਼ਵੀਕਰਨ ਤੇ ਉਦਾਰੀਕਰਨ ਦੇ ਫਲਸਰੂਪ ਪਰਵਾਸੀਆਂ ਦਾ ਕੈਨੇਡਾ ਵਿਖੇ ਪੱਕੇ ਬਦੇਸ਼ੀ ਨਾਗਰਿਕ ਬਣ ਜਾਣ ਦੇ ਅਮਲ ਵਜੋਂ ਉਹਨਾਂ ਦੇ ਪਰਵਾਸ ਵਿਚਲੇ ਸਰੋਕਾਰ, ਸੋਚ ਪਰਿਵਰਤਨ, ਅੰਤਰ ਸਭਿਆਚਾਰ-ਸੰਵਾਦ ਮੂਲਵਾਸ ਤੇ ਪਰਵਾਸ ਦਾ ਅੰਤਰ ਸੰਵਾਦ ਅਤੇ ਉਸ ਵਿਚੋਂ ਪੈਦਾ ਹੋਈਆਂ ਕਈ ਅੰਤਰਦ੍ਰਿਸ਼ਟੀਆਂ ਦੀ ਨਿਸ਼ਾਨ ਦੇਹੀ ਇਸ ਪਾਠੇਰਚਨਾ ਦੇ ਮਾਧਿਮਅ ਰਾਹੀਂ ਹੁੰਦੀ ਹੈ।

ਇਸ ਪੁਸਤਕ ਦੇ ਤਿੰਨ ਭਾਗ ਹਨ, ਜਿਸ ਦੇ ਘਟਨਾਵੀਂ ਬਿਰਤਾਂਤ ਨੂੰ ਅਗੋਂ 10 ਅਧਿਆਇਆਂ ਤੇ ਕਈ ਉਪਭਾਗਾਂ ਵਿਚ ਵੰਡਿਆ ਗਿਆ ਹੈ। ਇਹ ਰਚਨਾ ਪਿਛਲ-ਝਾਤ ਤੋਂ ਆਰੰਭ ਹੋ ਕੇ ਅੱਜ ਦੇ ਵਰਤਮਾਨ ਸਮੇਂ ਦੇ ਹਾਣ ਨਾਲ ਹੋ ਤੁਰਦੀ ਹੈ। ਲੇਖਕ ਦੇ ਆਪਣੇ ਸ਼ਬਦਾਂ ਵਿਚ:

ਮੁੰਧੇ ਨੇਤਰ ਮੇਰੇ ਖੁਲਿਆ ਹੈ ਆਤਮ ਦੁਆਰ

ਸ਼ਾਂਤ ਚਿਰਾਂ ਪਿਛੋਂ ਪਰਤਿਆਂ ਹਾਂ ਆਪਣੇ ਘਰ

ਸੰਨ 1948 ਤੋਂ ਰਚਨਾ ਦਾ ਆਰੰਭ ਹੁੰਦਾ ਹੈ ਜਦੋਂ ਲੇਖਕ ਦੀ ਉਮਰ ਛੇ ਸਾਲ ਦੀ ਸੀ, ਉਸ ਸਮੇਂ ਦੀ ਸੋਝੀ, ਸੰਵੇਦਨਾ, ਇਤਿਹਾਸਕ ਘਟਨਾਵਾਂ, ਪਰਿਵਾਰ, ਸਮਾਜ ਉੱਪਰ ਪਏ ਪ੍ਰਭਾਵ ਤੋਂ ਲਿਖਤ ਦਾ ਪ੍ਰਾਰੰਭ ਹੁੰਦਾ ਹੈ, 1947 ਜਦੋਂ ਹਿੰਦੁਸਤਾਨ ਤੇ ਪਾਕਿਸਤਾਨ ਦੋ ਮੁਲਕ ਵੰਡੇ ਗਏ, ਦੇਸ਼ ਦੀ ਅਜ਼ਾਦੀ ਦੀ ਲੜਾਈ, ਪਰ ਇਸ ਵੰਡ ਨਾਲ ਸਿੱਖਾਂ ਦੀ ਅਜ਼ਾਦੀ ਵੀ ਵੰਡੀ ਗਈ, ਕਿਵੇਂ ਮੁਲਕਾਂ ਦੀ ਰਾਜਨੀਤੀ ਨੇ ਸਿੱਖਾਂ ਦੀ ਸੋਚ ਅਤੇ ਜ਼ਮੀਰ ’ਤੇ ਵਾਰ ਕੀਤਾ ਅਤੇ ਉਹਨਾਂ ਨੂੰ ਹਾਸ਼ੀਆਗਤ ਕਰ ਦਿੱਤਾ, ਇਸ ਪ੍ਰਥਮ ਭਾਗ ਦੀਆਂ ਕੁਝ ਕੁ ਮੱਹਤਵਪੂਰਨ ਘਟਨਾਵਾਂ ਹਨ ਜਿਨ੍ਹਾਂ ਦਾ ਜ਼ਿਕਰ ਕਰਨਾ ਚਾਹਾਂਗੀ, 1947 ਦੀ ਵੰਡ ਦੀ ਤ੍ਰਾਸਦੀ, ਨਹਿਰੂ ਤੇ ਗਾਂਧੀ ਦਾ ਪੂਰਨ ਸਵਰਾਜ ਦਾ ਖੋਖਲਾ ਨਾਹਰਾ, ਸਿੱਖਾਂ ਨੂੰ ਡਰਨ ਦੀ ਲੋੜ ਨਹੀਂ ਬਾਵਜੂਦ ਸਿੱਖ ਸਰੋਕਾਰ ਅਣਗੋਲੇ ਹੋ ਗਏ, ਧਰਮ ਯੁੱਧ ਮੋਰਚਾ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਸਮਾਂ, ਅਪ੍ਰੇਸ਼ਨ ਬਲਿਊ ਸਟਾਰ, ਇੰਦਰਾ ਗਾਂਧੀ ਦੀ ਮੌਤ, ਇਕ ਵੱਡਾ ਦਰਖਤ ਗਿਰਦਾ ਤਾਂ ਸਾਰੀ ਧਰਤੀ ਹਿਲਦੀ ਹੈ। ਇਸ ਦਾ ਪ੍ਰਭਾਵ, ਸਿੱਖ ਕਮਿਊਨਟੀ ਨਾਲ ਦੇਸ਼ ਵਿਚ ਹੋਈਆਂ ਹਿੰਸਕ, ਦਿਲ ਦਹਿਲਾ ਦੇਣ ਵਾਲੀਆਂ ਘਟਨਾਵਾਂ, ਬਦੇਸ਼ਾਂ ਵਿਚ ਸਿੱਖਾਂ ਦੀ ਤਰਸਯੋਗ ਸਥਿਤੀ, ਡਰ, ਭੈਅ ਦਾ ਮਾਹੌਲ, ਉਸ ਮਾਹੌਲ ਦਾ ਲੇਖਕ ਦੇ ਵਿਅਕਤੀਗਤ ਜੀਵਨ ਆਲੇ ਦੁਆਲੇ ਦੇ ਸਮਾਜ, ਪਰਿਵਾਰ ਤੇ ਅਸਰ ਸਮੇਂ ਦੀਆਂ ਸਰਕਾਰਾਂ ਦੀਆਂ ਸਖਤ ਨੀਤੀਆਂ, ਵਰਲਡ ਸਿੱਖ ਆਰਗਨਾਈਜ਼ੇਸ਼ਨ (WSO) ਦੀ ਸਥਾਪਨਾ ਤੇ ਏਜੰਡਾ,

ਕਮਿਊਨਟੀ ਲਈ ਸੰਘਰਸ਼ ਦਾ ਮੰਚ, ਕਨਿਸ਼ਕ ਹਵਾਈ ਹਾਦਸਾ ਦੁਰਘਟਨਾ ਦੇ ਸ਼ਿਕਾਰ ਹੋਏ 329 ਕੈਨੇਡੀਅਨ ਤੇ ਇੰਡੀਅਨ ਪਰਿਵਾਰ, ਡਰ ਭੈਅ ਦਾ ਮਾਹੌਲ, ਮਾਨਸਿਕ ਸੰਤਾਪ, ਇਹਨਾਂ ਸਾਰੀਆਂ ਘਟਨਾਵਾਂ ਦੇ ਮੱਦੇਨਜ਼ਰ ਆਪਣੀ ਪਹਿਚਾਣ, ਆਪਣੀ ਹੋਂਦ ਦੀ ਲੜਾਈ ਅਤੇ ਸੰਘਰਸ਼ ਦੀ ਗਾਥਾ ਵਿਚੋਂ ਇਹ ਸੁਆਲ ਉਠਾਇਆ ਗਿਆ ਕਿ ਭਵਿੱਖ ਵਿਚ ਕੀ ਅਸੀਂ ਇਹਨਾਂ ਘਟਨਾਵਾਂ ਤੋਂ ਮੁਕਤ ਹੋ ਸਕਾਂਗੇ।

ਦਰਅਰਸਲ ਏਥੋਂ ਸ਼ੁਰੂ ਹੁੰਦਾ ਇਕ ਅਲੱਗ ਸਫ਼ਰ ਜਿੱਥੇ ਬਦੇਸ਼ਾਂ ਵਿਸ਼ੇਸ਼ ਕਰਕੇ ਕੈਨੇਡਾ ਤੇ ਅਮਰੀਕਾ ਵਿਚ ਸਿੱਖਾਂ ਨੂੰ ਇਕ ਹਿਸੰਕ ਕੌਮ ਵਜੋਂ ਅਲੱਗ ਥਲੱਗ ਕਰ ਦਿੱਤਾ ਗਿਆ, ਲੇਖਕ ਬ੍ਰਿਟਿਸ਼ ਕੋਲੰਬੀਆ ਵੈਨਕੂਵਰ ਦੇ ਨੇੜਲੇ ਹਿੱਸੇ ਵਿਲੀਅਮਜ਼ ਲੇਕ ਤੋਂ ਆਪਣੇ ਸੰਘਰਸ਼ ਨੂੰ ਪ੍ਰਾਰੰਭ ਕਰਦਾ, ਜਿੱਥੇ ਆਰਥਿਕ, ਸਮਾਜਿਕ-ਸਭਿਆਚਾਰਕ ਵਰਤਾਰੇ ਵਿਚ ਘਰ, ਪਰਿਵਾਰ, ਦੋਸਤਾਂ, ਰਿਸ਼ਤਿਆਂ ਦੀ ਜਦੋ-ਜਹਿਦ 'ਪਰਵਾਸੀ' ਹੋਣ ਕਰਕੇ ਵਿਸ਼ੇਸ਼ ਹੈ। ਅਗਲੇ ਦੋ ਭਾਗ ਸਿੱਖ ਭਾਈਚਾਰੇ ਦੀ ਸ਼ਾਨ ਉੱਚਤਾ, ਇੱਜ਼ਤ ਬਹਾਲੀ ਅਤੇ ਬਰਾਬਰੀ ਦੀ ਪੁਨਰ ਸਰਜੀਤੀ ਨੂੰ ਬਿਆਨਦੇ ਹਨ। ਪੁਸਤਕ ਦਾ ਇਹ ਹਿੱਸਾ ਮੇਜ਼ਬਾਨ ਸਮਾਜ ਸਭਿਆਚਾਰ ਨਾਲ ਇਕ ਅੰਤਰ-ਸੰਵਾਦ ਸਿਰਜਦਾ ਹੈ ਜੋ ਅਮੀਰ ਵਿਕਸਤ ਮੁਲਕ ਵਿਚ ਸਿੱਖਾਂ ਦੇ ਸੰਘਰਸ਼, ਪਛਾਣ ਨੂੰ ਸਥਾਪਿਤ ਕਰਨ ਪ੍ਰਤੀ ਕ੍ਰਿਆਸ਼ੀਲ ਹੁੰਦਾ ਹੈ।

ਕਿਸ ਪ੍ਰਕਾਰ ਅੰਤਰ ਸਭਿਆਚਾਰ ਵਿਕਾਸਸ਼ੀਲ ਮੁਲਕ ਵਿਚ ਪਰਵਾਸੀ ਪੰਜਾਬੀ ਸਿੱਖ ਪਰਵਾਸੀ ਨੂੰ ਇਕਲੱਤਾ, ਉਦਾਸੀ, ਮਾਨਸਿਕ ਸੰਤਾਪ, ਆਰਥਿਕ ਦੁਸ਼ਵਾਰੀਆਂ ਘੇਰਦੀਆਂ ਹਨ। ਇਹਨਾਂ ਦੇ ਘਟਨਾਵੀ ਬਿਰਤਾਂਤ ਬਹੁਤ ਹੀ ਸੂਖਮ ਅਤੇ ਸੰਵੇਦਨਸ਼ੀਲ ਹਨ। ਉਦਾਹਰਣ ਵਜੋਂ ਸਿੱਖਾਂ ਨੂੰ ਵਿਸਾਖੀ ਨਾ ਮਨਾਉਣ ਲਈ ਕਹਿਣਾ, ਹਰ ਸਮੇਂ ਖੁਫ਼ੀਆ ਪੁਲਿਸ ਦੀ ਨਿਗਾਹ ਵਿਚ ਹੋਣਾ, ਲੇਖਕ ਦੇ ਮਿੱਤਰ ਦੇ ਭਾਰਤ ਜਾਣ ਦੇ ਵੀਜ਼ੇ ਦਾ ਰਿਜੈਕਟ ਹੋ ਜਾਣਾ ਅਤੇ ਅੰਤਿਮ ਸਮੇਂ ਆਪਣੇ ਪਿਤਾ ਦੇ ਸਸਕਾਰ ਵਿਚ ਸ਼ਾਮਲ ਨਾ ਹੋ ਸਕਣਾ, ਜਨੇਵਾ ਦੇ ਇਜਲਾਸ ਤੋਂ ਪਹਿਲਾਂ ਹਾਊਸ ਰੈਸਟ ਹੋਣਾ, ਬਿਜਨਸ ਵਿਚ ਘਾਟਾ, ਏਜੰਸੀਆਂ ਦੀਆਂ ਸਰਗਰਮੀਆਂ ਅਤੇ ਗਲਤ ਰਿਪੋਰਟਾਂ ਨਾਲ ਨਿਜੀ ਜੀਵਨ, ਦੋਸਤਾਂ, ਪਰਿਵਾਰਾਂ ਦਾ ਪ੍ਰਭਾਵਿਤ ਹੋਣਾ। ਪਰਿਵਾਰ ਦਾ ਨਸਲੀ ਵਿਤਕਰਿਆਂ ਦੇ ਅਣਮਨੁੱਖੀ ਵਰਤਾਰਿਆਂ ਵਿਚੋਂ ਗੁਜ਼ਰਨਾ ਆਦਿ ਅਜੇਹੀਆਂ ਘਟਨਾਵਾਂ ਹਨ ਜੋ ਅਨੇਕ ਸਰੋਕਾਰਾਂ ਨੂੰ ਦਰਪੇਸ਼ ਕਰਦੀਆਂ ਹਨ। ਤੁਸੀਂ ਜਿਵੇਂ ਹੋ ਉਵੇਂ ਹੀ ਸਵੀਕਾਰੇ ਜਾਵੋ, ਉਵੇਂ ਹੀ ਪਹਿਚਾਣੇ ਜਾਵੋ, ਇਹ ਏਡਾ ਵੱਡਾ ਮਸਲਾ ਹੈ ਜਦੋਂ ਇਸ ਨੂੰ ਕੋਮਾਂਤਰੀ ਹਵਾਲੇ ਨਾਲ ਵੇਖੀਏ ਤਾਂ ਮਨਿਓਰਟੀਜ਼, ਵਿਚ ਸਿੱਖ ਭਾਈਚਾਰਾ ਕਿੱਥੇ ਖੜ੍ਹਦਾ ਸਿੱਖਾਂ ਦੀ ਥਾਂ ਕੀ ਹੈ ਪੰਜਾਬੀ ਪਰਵਾਸੀ ਦਾ ਸੰਘਰਸ਼ ਕੀ ਹੈ ਕਾਹਦੇ ਲਈ ਆਰਥਿਕਤਾ ਧਾਰਮਿਕਤਾ ਸਮਾਜ ਸਭਿਆਚਾਰ ਉਸ ਦੀਆਂ ਪ੍ਰਾਪਤੀਆਂ ਸੰਭਾਵਨਾਵਾਂ ਕੀ ਉਹ ਮੁੱਖ

ਧਾਰਾ ਦਾ ਹਿੱਸਾ ਹੈ ਅਨੇਕ ਅਜੇਹੇ ਸੁਆਲ ਹਨ ਜਿਨ੍ਹਾਂ ਦੇ ਜਵਾਬ ਇਹ ਪੁਸਤਕ ਤਲਾਸ਼ਦੀ ਹੈ।

ਇਸ ਪੁਸਤਕ ਦਾ ਤੀਸਰਾ ਭਾਗ ਵਿਸ਼ਵੀ ਭਾਈਚਾਰੇ ਦੇ ਸਨਮੁਖ ਪੰਜਾਬੀ ਪਰਵਾਸੀ ਵਿਸ਼ੇਸ਼ ਕਰਕੇ ਸਿੱਖ ਪਰਵਾਸੀ ਦੀ ਵਿਸ਼ਵੀ ਪਹਿਚਾਣ ਨੂੰ ਸਥਾਪਿਤ ਕਰਦਾ ਹੈ ਜਿਸ ਵਿਚਲਾ ਸਫ਼ਰ ਸੰਘਰਸ਼ ਆਤੰਕੀ ਕੌਮ ਤੋਂ ਬਾਇਜ਼ਤ ਕੌਮ ਤਕ ਦੀ ਪੁਨਰ ਸੁਰਜੀਤੀ ਹੈ, ਲੇਖਕ 38 ਸਾਲ ਬਾਅਦ ਬਾਇਜ਼ਤ ਬਲੈਕ ਲਿਸਟ ਵਿਚੋਂ ਨਿਕਲ ਕੇ ਪ੍ਰਤਿਸ਼ਠਿਤ ਸਖਸ਼ੀਅਤ ਵਜੋਂ ਆਪਣੇ ਵਤਨ ਪਰਤਦਾ ਹੈ। ਵਰਤਮਾਨ ਸਮੇਂ ਕੈਨੇਡਾ ਵਿਚ ਰਹਿ ਰਿਹਾ ਪਰਵਾਸੀ ਭਾਈਚਾਰਾ ਕੇਵਲ ਆਪਣੇ ਭਾਈਚਾਰੇ ਦੀ ਰਹਨੁਮਾਈ ਨਹੀਂ ਕਰ ਰਿਹਾ ਬਲਕਿ ਕੈਨੇਡਾ ਵਿਚ ਰਹਿ ਰਹੀਆਂ ਘੱਟ ਗਿਣਤੀਆਂ ਦੀਆਂ ਕੌਮਾਂ (ਮੁਸਲਿਮ, ਹਿੰਦੂ, ਜਿਊਜ਼ ਆਦਿ) ਦੀ ਰਹਿਨੁਮਾਈ ਵੀ ਕਰ ਰਿਹਾ ਹੈ। ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਮੰਚ ਤੋਂ ਉਹਨਾਂ ਦੇ ਅਧਿਕਾਰਾਂ ਅਤੇ ਬਰਾਬਰੀ ਤੇ ਹੱਕਾਂ ਦੀ ਲੜਾਈ ਕਰਦਿਆਂ ਉਹਨਾਂ ਨੂੰ ਸੰਭਾਵੀ ਖਤਰਿਆਂ ਪ੍ਰਤੀ ਸੁਚੇਤ ਵੀ ਕਰ ਰਿਹਾ ਹੈ। ਅੱਜ ਹਕੀਕਤ ਇਹ ਹੈ ਕਿ ਸਿੱਖ ਭਾਈਚਾਰਾ ਕੈਨੇਡਾ ਵਿਚ ਰਾਜਨੀਤਕ, ਸਮਾਜਿਕ, ਧਾਰਮਿਕ, ਸਭਿਆਚਾਰਕ ਚਣੌਤੀਆਂ ਵਿਚੋਂ ਬਾਹਰ ਨਿਕਲ ਕੇ ਮੁਖ ਧਾਰਾ ਦਾ ਹਿੱਸਾ ਬਣ ਰਿਹਾ ਹੈ। ਜਿਸ ਨੂੰ ਵੱਖੋਂ ਵੱਖਰੀਆਂ ਸਖਸ਼ੀਅਤਾਂ ਰਾਹੀਂ ਦਰਸਾਇਆ ਗਿਆ ਹੈ। ਜੋ ਰਾਜਨੀਤੀ, ਖੇਡ ਦੇ ਮੈਦਾਨ, ਕਾਨੂੰਨ ਵਿਵਸਥਾ, ਸਮਾਜਿਕ ਅਦਾਰਿਆਂ, ਸਾਹਿਤਕ ਅਦਾਰਿਆਂ ਵਿਚ ਨਾਮਵਾਰ ਜਾਣੀਆਂ ਪਹਿਚਾਣੀਆਂ ਹਸਤੀਆਂ ਵਜੋਂ ਸਤਿਕਾਰਤ ਹਨ।

ਇਕ ਹੋਰ ਨੁਕਤਾ ਜੋ ਆਪ ਨਾਲ ਸਾਂਝਾ ਕਰਨਾ ਹੈ ਉਹ ਹੈ ਲੇਖਕ ਦਾ ਆਪਣੀ ਸਭਿਆਚਾਰਕ ਯਾਦ ਨੂੰ ਪੁਨਰ ਸੁਰਜੀਤ ਕਰਨਾ ਤੇ ਫੇਰ ਉਸ ਨੂੰ ਡੀਕੋਡ ਕਰਨਾ। ਜੀਵਨ ਦੇ ਇਸ ਲੰਬੇ ਸੰਘਰਸ਼ ਵਿਚ ਹੋ ਰਹੀਆਂ ਘਟਨਾਵਾਂ ਵਿਚ ਇਤਿਹਾਸ ਨੂੰ ਦੁਹਰਾਇਆ ਗਿਆ। ਮਿਸਾਲ ਵਜੋਂ ਅਕਾਲ ਤਖਤ ਦਾ ਜ਼ਿਕਰ ਆਉਂਦਾ ਤਾਂ ਮੀਰੀ ਪੀਰੀ ਦੇ ਸੰਕਲਪ ਨੂੰ ਸਪਸ਼ਟ ਕਰਦਿਆਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸਬੰਧੀ ਜਾਣਕਾਰੀ ਉਪਲਬੱਧ ਹੋ ਜਾਂਦੀ ਹੈ, ਏਸੇ ਪ੍ਰਕਾਰ ਡੇਰਾ ਸਾਹਿਬ ਗੁਰਦੁਆਰਾ ਜਾਂ ਰਕਾਬਗੰਜ਼ ਦਾ ਜ਼ਿਕਰ ਆਉਂਦਾ ਤਾਂ ਗੁਰੂ ਅਰਜਨ ਪਾਤਸ਼ਾਹ ਦੀ ਸ਼ਹੀਦੀ, ਗੁਰੂ ਤੇਗ ਬਹਾਦਰ ਦੀ ਸ਼ਹੀਦੀ ਦਾ ਸਮਰਣ ਹੋ ਪੈਂਦਾ। ਇਸ ਤਰ੍ਹਾ ਕਈ ਹੋਰ ਘਟਨਾਵਾਂ ਜਾਂ ਪਾਤਰ ਆਉਂਦੇ ਜਿਨਾਂ ਵਿਚਲੀਆਂ ਸਭਿਆਚਾਰਕ ਯਾਦਾਂ ਦੀ ਪੁਨਰ ਸਿਰਜਣਾ ਵਰਤਮਾਨ ਨੂੰ ਡੀਕੋਡ ਕਰਦੀ ਹੈ। ਇਹ ਲੇਖਕ ਦੀ ਸ਼ੈਲੀ ਦੀ ਸਿਫ਼ਤ ਹੈ ਕਿ ਆਪਣੇ ਇਤਿਹਾਸ, ਆਪਣੀ ਫਿਲਾਸਫੀ ਨੂੰ ਆਪਣੇ ਜੀਵਨ ਅਨੁਭਵ ਵਿਚੋਂ ਹੰਢਾਏ ਪਲਾਂ ਵਿਚੋਂ ਚਿਤਰਦੇ ਚਲੇ ਜਾਂਦੇ। ਦਰਅਸਲ ਇਸ ਗੱਲ ਨੂੰ ਮੈਂ ਇੰਜ ਸਮਝਦੀ ਹਾਂ ਕਿ ਲੇਖਕ

ਕੋਲ ਗੁਰਬਾਣੀ ਚਿੰਤਨ ਦਾ ਅਧਿਆਤਮਕ, ਰੂਹਾਨੀ ਅਤੇ ਕਰਮਸ਼ੀਲ ਦੋਵੇਂ ਮਾਡਲ ਪਏ ਹਨ। ਜਿੱਥੇ ਇਕ ਪਾਸੇ ਆਪ ਗੁਰੂ ਦੀ ਓਟ ਆਸਰਾ ਲੈ ਕੇ ਜੀਵਨ ਨੂੰ ਅਨੁਸਾਸ਼ਿਤ ਕਰ ਰਹੇ ਹਨ, ਉਸ ਨੂੰ ਆਤਮਸਾਤ ਕਰ ਰਹੇ ਹਨ, ਉਥੇ ਜਿਸ ਸਮਾਜ ਵਿਚ ਜੁੜੇ ਹੋਏ ਹਨ ਉਸ ਸਮਾਜ ਦੇ ਮਨੁੱਖੀ ਸਰੋਕਾਰਾਂ, ਸਮਸਿਆਵਾਂ ਅਤੇ ਜੀਵਨ ਮੁੱਲਾਂ ਨੂੰ ਵੀ ਪੇਸ਼ ਕਰ ਰਹੇ ਹਨ। ਮਨੁੱਖ ਜਿਸ ਸਮਾਜ ਵਿਚ ਵਿਚਰਦਾ ਉਸ ਸਮਾਜ ਪ੍ਰਤੀ ਜਵਾਬਦੇਹ ਹੁੰਦਾ। ਸਮਾਜਿਕ ਵਿਕਾਸ ਪਰਿਵਿਰਤਨ ਦਾ ਨਿਯਮ ਹੈ ਇਤਿਹਾਸ ਉਸੇ ਪਰਿਵਰਤਨ ਨੂੰ ਮਾਨਤਾ ਦਿੰਦਾ ਜੋ ਉਸ ਨੂੰ ਉਥਾਨ ਵੱਲ ਲੈ ਜਾਵੇ। ਗੁਰਬਾਣੀ ਦੀ ਵਿਚਾਰਧਾਰਾ ਸਰਬਮੁਖੀ, ਸਰਬਹਿਤਕਾਰੀ ਅਤੇ ਸਰਬਕਾਲੀ ਹੈ। ਜੋ ਸਿੱਖੀ ਜੀਵਨ ਜਾਚ ਨਾਲ ਜੁੜੀ ਹੋਈ ਹੈ। ਜਿਸ ਨੂੰ ਬਾਖੂਬੀ ਲੇਖਕ ਨੇ ਆਪਣੇ ਜੀਵਨ ਸੰਘਰਸ਼ ਅਤੇ W.S.O. ਦੇ ਮਾਧਿਅਮ ਰਾਹੀਂ ਦਰਸਾਇਆ ਹੈ।

'ਅਣਗਾਹੇ ਰਾਹ' ਦੀ ਯਾਤਰਾ ਮੁੱਖ ਤੌਰ ਤੇ ਵਿਦੇਸ਼ਾਂ ਵਿਚ ਰਹਿ ਰਹੇ ਪੰਜਾਬੀ ਪਰਵਾਸੀ ਦੀ ਪਛਾਣੇ ਸਿੱਖ ਪਛਾਣੇ ਭਾਰਤੀ ਪਛਾਣ ਬਾਰੇ ਜਾਗਰੂਕ ਕਰ ਰਹੀ ਹੈ। ਜਿਹੜੇ ਵਿਅਕਤੀ ਆਪਣੇ ਆਪ ਨੂੰ ਏਧਰ ਪੰਜਾਬੀ ਹੋਣ ਤੇ ਜਾਣਦੇ ਪਹਿਚਾਣਦੇ ਵੀ ਨਹੀਂ ਉਹ ਵੀ ਬਦੇਸ਼ਾਂ ਵਿਚ ਪੈਰ ਪੈਰ ਦਰਪੇਸ਼ ਪਛਾਣ ਤੇ ਬੇ ਪਛਾਣ ਦੇ ਸੰਕਟ ਪ੍ਰਤੀ ਜਾਗੂਰਕ ਹੁੰਦੇ ਹਨ। ਆਪਣੀ ਹੋਂਦ ਤੇ ਸਥਾਪਤੀ ਲਈ ਆਰਥਿਕ, ਰਾਜਨੀਤਕ, ਸਮਾਜਿਕ ਤੌਰ ਤੇ ਮਜ਼ਬੂਤੀ ਨਾਲ ਡਟ ਦੇ ਖੜਦੇ ਹਨ। ਇਸ ਪ੍ਰਕਾਰ ਇਸ ਪੁਸਤਕ ਦਾ ਅੰਤ ਇਕ ਸੁਖਦ ਨੋਟ ਨਾਲ ਹੁੰਦਾ ਹੈ ਜਿੱਥੇ ਲੇਖਕ ਦਾ ਵਿਅਕਤਿਤਵ ਅਨੁਸਾਸ਼ਿਤ ਪਰ ਚੇਤੰਨ ਨਾਗਰਿਕ, ਕਾਮਯਾਬ ਪਿਤਾ, ਪੁੱਤਰ, ਬਿਜ਼ਨਸਮੈਨ, ਮਿੱਤਰਾਂ ਦਾ ਮਿੱਤਰ ਅਤੇ ਬੌਧਿਕ ਚਿੰਤਕ ਵਜੋਂ ਸਾਕਾਰ ਹੁੰਦਾ ਹੈ।

ਇਹ ਪੁਸਤਕ ਬੇਸ਼ੱਕ ਅੰਗ੍ਰੇਜੀ ਦਾ ਅਨੁਵਾਦ ਹੈ ਪਰੰਤੂ ਲਿਖਤ ਦੀ ਰੌਚਕਤਾ, ਰਵਾਨਗੀ, ਸ਼ਬਦ ਚੋਣ, ਵਾਕ ਬਣਤਰ ਅਤੇ ਬਿਰਤਾਂਤਕ ਰਸ ਪੰਜਾਬੀ ਪਾਠਕਾਂ ਨੂੰ ਵਿਸ਼ੇਸ਼ ਰੂਪ ਵਿਚ ਖਿੱਚਦਾ ਹੈ। ਪਰਵਾਸ, ਪਰਵਾਸੀ ਸੰਕਟ, ਪਛਾਣ ਦਾ ਮਸਲਾ, ਆਰਥਿਕ, ਸਮਾਜਿਕ ਤੇ ਸਭਿਆਚਾਰਕ ਚਣੌਤੀਆਂ, ਹੋਂਦ ਤੇ ਸਥਾਪਤੀ ਦਾ ਮਸਲਾ ਆਦਿ ਅਜੇਹੀਆਂ ਅੰਤਰ ਦ੍ਰਿਸ਼ਟੀਆਂ ਹਨ ਜਿਸ ਨੂੰ ਇਹ ਪੁਸਤਕ ਸੰਬੋਧਿਤ ਹੁੰਦੀ ਹੈ।

ਦਰਅਸਲ ਇਹ ਰਚਨਾ ਪੁਰਾਣੀ ਪੀੜ੍ਹੀ ਅਤੇ ਨਵੀਂ ਪੀੜ੍ਹੀ ਦੀ ਸੋਚ ਵਿਚ ਇਕ ਪੁਲ (Bridge) ਦਾ ਕਾਰਜ ਕਰੇਗੀ। ਵਿਅਕਤੀ ਨੇ ਜ਼ਿੰਦਗੀ ਵਿਚ ਕਿਵੇਂ ਜਿਉਣਾ, ਕਿਵੇਂ ਸੰਘਰਸ਼ ਕਰਨਾ, ਵਿਕਾਸ ਕਰਨਾ, ਸਫਲਤਾ ਹਾਸਿਲ ਕਰਨੀ ਅਤੇ ਨਾਲ-ਨਾਲ ਆਪਣੇ ਅਤੇ ਆਪਣੇ ਸਾਥੀਆਂ ਨੂੰ ਸੇਧ ਦੇਣੀ ਹੈ। ਅਜੇਹਾ ਮਾਡਲ ਪਿਆ ਇਸ ਵਿਚ ਜਿਸ ਨੂੰ ਪੜ੍ਹ ਕੇ ਹੀ ਅਨੁਭਵ ਕੀਤਾ ਜਾ ਸਕਦਾ ਹੈ। ਅਜ ਜਦੋਂ ਪੰਜਾਬ ਦਾ ਯੂਥ, ਪੰਜਾਬ ਦਾ

ਭਵਿੱਖ ਸਵੈ ਇੱਛਤ ਪਰਵਾਸ ਧਾਰਨ ਕਰ ਰਿਹਾ ਉਸ ਸਮੇਂ ਅਜੇਹੀ ਲਿਖਤ ਦਾ ਆਉਣਾ ਵਿਸ਼ੇਸ਼ ਹੈ। ਅਜੇਹੀਆਂ ਰਚਨਾਵਾਂ ਭਵਿੱਖ ਲਈ ਸੋਚ ਅਤੇ ਸੇਧ ਪ੍ਰਦਾਨ ਕਰਾਉਣ ਵਿਚ ਵਿਸ਼ੇਸ਼ ਭੂਮਿਕਾ ਨਿਭਾਉਣਗੀਆਂ। ਦੇਸ ਅਤੇ ਪਰਦੇਸ ਵਿਚ ਬੈਠਾ ਹਰ ਪੰਜਾਬੀ ਪਾਠਕ ਇਸ ਰਚਨਾ ਨੂੰ ਪੜ੍ਹਦਿਆਂ ਇਸ ਦੀ ਰੂਹ ਨਾਲ ਜੁੜ ਜਾਵੇਗਾ, ਅਜਿਹਾ ਮੇਰਾ ਨਿਸਚਾ ਹੈ। ਸਾਹਿਤ ਵਿਸ਼ੇਸ਼ ਕਰਕੇ ਪਰਵਾਸੀ ਸਾਹਿਤ ਦੇ ਸੰਦਰਭ ਵਿਚ ਇਹ ਪੁਸਤਕ ਸਾਰਥਕ, ਨਵੀਨ ਵਿਚਾਰ ਚਰਚਾ ਅਤੇ ਸੰਵਾਦ ਦੁਆਰਾ ਕਈ ਅੰਤਰ ਦ੍ਰਿਸ਼ਟੀਆਂ ਨੂੰ ਸਾਹਮਣੇ ਲਿਆਵੇਗੀ।

**ਡਾ. ਅੰਮ੍ਰਿਤਪਾਲ ਕੌਰ**
**ਪ੍ਰੋਫ਼ੈਸਰ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**
**amritgsingh@yahoo.com**

**ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਤ੍ਰੈ-ਮਾਸਿਕ ਪੱਤ੍ਰਿਕਾ 'ਪਰਵਾਸ' ਦੇ ਅਗਲੇ ਅੰਕ (ਅਪ੍ਰੈਲ-ਜੂਨ 2020) ਲਈ ਪਰਵਾਸੀ ਪੰਜਾਬੀ ਲੇਖਕਾਂ ਨੂੰ ਆਪਣੀਆਂ ਰਚਨਾਵਾਂ parvasggn@gmail.com 'ਤੇ ਪਾਸਪੋਰਟ ਸਾਈਜ਼ ਫੋਟੋ, ਪੂਰਾ ਪਤਾ, ਈ-ਮੇਲ ਅਤੇ ਫੋਨ ਨੰਬਰ ਸਮੇਤ ਭੇਜਣ ਦੀ ਬੇਨਤੀ ਹੈ।**

**ਸੰਪਰਕ:**


**ਡਾ. ਤੇਜਿੰਦਰ ਕੌਰ(ਪ੍ਰਬੰਧਕੀ ਸੰਪਾਦਕ)**
**+9187290-80250**

**ਪ੍ਰੋ. ਸ਼ਰਨਜੀਤ ਕੌਰ(ਸੰਪਾਦਕ)**
**+9195010-27522**

## ਪੁਸਤਕ ਚਰਚਾ

# ‘ਇਕ ਸੀ ਚਿੜ੍ਹੀ: ਜਿਸ ਦਾ ਨਾਂ ਚੂਈ’:ਪ੍ਰਭਜੋਤ ਕੌਰ ਸਿੰਘ

**ਡਾ. ਸ. ਪ. ਸਿੰਘ**




ਸਰੀ ਦੇ ਸਕੂਲ ਦੀ ਪੰਜਾਬੀ ਅਧਿਆਪਿਕਾ ਪ੍ਰਭਜੋਤ ਕੌਰ ਸਿੰਘ ਕੈਨੇਡਾ ਵਿੱਚ ਹੀ ਜੰਮੀ-ਪਲੀ ਹੈ। ਸਾਹਿਤਕ ਮਾਹੌਲ ਵਿੱਚ ਰਹਿੰਦਿਆਂ ਉਹ ਪੰਜਾਬੀ ਵਿੱਚ ਲਿਖਣ ਲਈ ਪ੍ਰੇਰਿਤ ਹੋਈ ਅਤੇ ਉਹ ਪ੍ਰਸਿੱਧ ਪਰਵਾਸੀ ਲੇਖਕ ਜਰਨੈਲ ਸਿੰਘ ਸੇਖਾ ਦੀ ਪੋਤਰੀ ਵੀ ਹੈ



ਪ੍ਰਭਜੋਤ ਕੌਰ ਸਿੰਘ ਦੀ ‘ਬਾਲ ਕਹਾਣੀ’ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਹੋਈ ਹੈ ਜਿਸ ਦਾ ਨਾਂ ‘ਇਕ ਸੀ ਚਿੜ੍ਹੀ: ਜਿਸ ਦਾ ਨਾਂ ਸੀ ਚੂਈ’ ਸਧਾਰਨ ਤੌਰ ਤੇ ਦੇਖਿਆ ਪੰਜਾਬੀ ਤੇ ਅੰਗਰੇਜੀ ਵਿੱਚ ਪ੍ਰਚਲਿਤ ਚਾਲੀ ਪੰਨਿਆਂ ਦੀ ਪੁਸਤਕ ਹੈ ਜਿਸ ਨੂੰ ਰਚਣ ਵਾਲੀ ਕੁੜੀ ਕੈਨੇਡਾ ਵਿੱਚ ਜੰਮੀ ਤੇ ਪਲੀ ਹੈ ਇਸ ਸਮੇਂ ਉਹ ਸਰੀ (ਵੈਨਕੂਵਰ) ਸਕੂਲ ਵਿੱਚ ਪੜ੍ਹਾਉਂਦੀ ਹੈ। ਬਾਲ ਪੁਸਤਕ ਹੋਣ ਕਰਕੇ ਇਸ ਨੂੰ ਪ੍ਰਸਿੱਧ ਪੰਜਾਬੀ ਚਿੱਤਰਕਾਰ ਜਰਨੈਲ ਸਿੰਘ ਨੇ ਸਚਿੱਤਰ ਕੀਤਾ ਹੈ।

ਇਹ ਪੁਸਤਕ ਓਪਰੀ ਨਜਰੇ ਇਕ ਸਧਾਰਨ ਘਟਨਾ ਨੂੰ ਕਹਾਣੀ ਦਾ ਰੂਪ ਦੇ ਕੇ ਪ੍ਰਕਾਸ਼ਿਤ ਕੀਤੀ ਲਗਦੀ ਹੈ। ਇਹ ਕਹਾਣੀ ਨਾਲੋਂ ਨਿੱਜੀ ਜੀਵਨ ਦੀ ਇਕ ਘਟਨਾ ਹੈ ਤੇ ਇਕ ਬਾਲ ਮਨ ਦੀ ਅਵਸਥਾ ਨੂੰ ਡੂੰਘੀ ਤੀਬਰਤਾ ਨਾਲ ਪੇਸ਼ ਕੀਤਾ ਹੈ। ਇਹ ਪੁਸਤਕ ਜੋ ਕਿ ਬਾਲ ਸਾਹਿਤ ਦੀ ਸੂਚੀ ਵਿੱਚ ਆਪਣਾ ਸਥਾਨ ਬਨਾਉਣ ਦੇ ਸਮਰੱਥ ਹੈ।

ਇਸ ਪੁਸਤਕ ਦੀ ਪ੍ਰਸਤੂਤੀ ਪਰਵਾਸੀ ਜੀਵਨ ਸੰਬੰਧੀ ਗੰਭੀਰਤਾ ਨਾਲ ਅਧਿਅਨ ਕਰਨ ਵਾਲਿਆ ਦੇ ਲਈ ਕਈ ਪ੍ਰਸ਼ਨਾਂ ਦਾ ਉੱਤਰ ਦੇਂਦੀ ਪ੍ਰਤੀਤ ਹੁੰਦੀ ਹੈ, ਜੋ ਕਿ ਆਪਣੇ ਆਪ ਵਿੱਚ ਵਿਦੇਸ਼ ਵਿੱਚ ਰਹਿ ਰਹੇ ਪੰਜਾਬੀ ਪਰਿਵਾਰਾਂ ਪ੍ਰਤੀ ਪੈਦਾ ਹੁੰਦੇ ਭਵਿੱਖ ਦੀ ਸਥਿਤੀ ਨੂੰ ਸਹੀ ਪਰਿਪੇਖ ਪ੍ਰਦਾਨ ਕਰਦੇ ਹਨ।

ਇਸ ਪੁਸਤਕ ਨੇ ਪੰਜਾਬੀ ਭਾਸ਼ਾ ਤੇ ਪੰਜਾਬੀ ਸਾਹਿਤ ਸਬੰਧੀ ਪਰਾਈਆਂ ਧਰਤੀਆਂ ਦੀ ਸਥਿਤੀ ਨੂੰ ਸਪੱਸ਼ਟ ਕੀਤਾ ਹੈ ਕਿ ਜੇ ਪਰਿਵਾਰਕ ਮਾਹੌਲ ਖੁਸ਼ਗਵਾਰ ਹੋਵੇ ਅਤੇ ਪਰਿਵਾਰ ਦੀ ਆਪਣੀ ਮਾਤ ਬੋਲੀ ਪ੍ਰਤੀ ਸੁਹਿਰਦਤਾ ਤੇ ਸਨੇਹ ਹੋਵੇ ਤਾਂ ਵਿਦੇਸ਼ਾਂ ਵਿੱਚ ਰਹਿੰਦੇ ਹੋਏ ਵੀ ਮਾਤ ਭਾਸ਼ਾ ਨੂੰ ਪ੍ਰਫੁੱਲਿਤ ਕੀਤਾ ਜਾ ਸਕਦਾ ਹੈ।

ਪ੍ਰਭਜੋਤ ਕੌਰ ਸਿੰਘ ਕੈਨੇਡਾ ਦੇ ਸ਼ਹਿਰ ਵਿੱਚ ਪੰਜਾਬੀ ਪਰਿਵਾਰ ਵਿੱਚ ਰਹਿ ਰਹੀ ਹੈ। ਇਸ ਦਾ ਜਨਮ ਵੀ ਕੈਨੇਡਾ ਵਿੱਚ ਹੋਇਆ ਹੈ ਉਸ ਨੇ ਕੈਨੇਡਾ ਵਿੱਚ ਰਹਿੰਦਿਆਂ ਹੋਇਆਂ ਪੰਜਾਬੀ ਭਾਸ਼ਾ ਅਤੇ ਸਾਹਿਤ ਦਾ ਉਚੇਰੀ ਸਿੱਖਿਆ ਤੱਕ ਅਧਿਅਨ ਕੀਤਾ ਤੇ ਪੰਜਾਬੀ ਦੇ ਭਵਿੱਖ ਲਈ ਪੰਜਾਬੀ ਦੇ ਅਧਿਆਪਨ ਨੂੰ ਕਿੱਤੇ ਵਜੋਂ ਅਪਣਾਇਆ ਇਸ ਤਰ੍ਹਾਂ ਉਹ ਪੰਜਾਬੀ ਭਾਸ਼ਾ ਦੇ ਕੈਨੇਡਾ ਵਿੱਚ ਪਸਾਰ ਤੇ ਪ੍ਰਚਾਰ ਲਈ ਅਗਵਾਈ ਦੇਣ ਦੇ ਸਮਰੱਥ ਹੋਈ ਹੈ ਤੇ ਉਸ ਦੇ ਪੰਜਾਬੀ ਦੇ ਵਿਦਿਆਰਥੀ ਪੰਜਾਬੀ ਦੇ ਭਵਿੱਖ ਲਈ ਗਵਾਹੀ ਭਰਦੇ ਹਨ।

ਇਸ ਪੁਸਤਕ ਨੂੰ ਪੜ੍ਹਨ ਉਪਰੰਤ ਇੱਕ ਹੋਰ ਪੱਖ ਉੱਘੜਕੇ ਸਾਹਮਣੇ ਆਉਂਦਾ ਹੈ ਕਿ ਕੈਨੇਡਾ ਵਿੱਚ ਇੱਕ ਨਵੀਂ ਸ਼ੈਲੀ ਵੀ ਉੱਭਰ ਰਹੀ ਹੈ। ਕੈਨੇਡਾ ਵਿੱਚ ਰਹਿ ਰਹੇ ਬੰਦਿਆਂ ਦੇ ਮੁਹਾਵਰੇ, ਸ਼ਬਦਾਵਲੀ ਤੇ ਵਾਕ ਬਣਤਰ ਦਾ ਟਕਸਾਲੀ ਪੰਜਾਬੀ ਨਾਲੋਂ ਵੱਖਰੇਵਾਂ ਨਜ਼ਰ ਆਵੇਗਾ। ਭਾਵੇਂ ਅਸੀਂ ਇਸ ਨੂੰ ਵਿਆਕਰਨਕ ਇਕਾਈ ਦੇ ਰੂਪ ਵਿੱਚ ਦੇਖੀਏ ਪਰ ਭਾਸ਼ਾ ਦੇ ਵਿਕਾਸ ਦੇ ਪ੍ਰਸੰਗ ਵਿੱਚ ਇਸ ਨੂੰ ਸ਼ੁਭ ਕਦਮ ਵੱਲੋਂ ਸਵੀਕਾਰਨਾ ਉਚਿੱਤ ਹੈ। ਦੂਜੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਕੈਨੇਡਾ ਵਿੱਚ ਇੱਕ ਨਵੀਂ ਉੱਪਭਾਖਾ ਜਨਮ ਲੈ ਰਹੀ ਹੈ, ਜਿਸ ਦੀ ਸਮਾਂ ਪਾ ਕੇ ਆਪਣੀ ਪਹਿਚਾਣ ਹੋਵੇਗੀ।

ਇਸ ਪ੍ਰਕਾਰ ਪ੍ਰਭਜੋਤ ਕੌਰ ਸਿੰਘ ਦੀ ਪਹਿਲੀ ਬਾਲ ਕਹਾਣੀ ਦੀ ਪੁਸਤਕ ‘ਇੱਕ ਸੀ ਚਿੜੀ: ਜਿਸ ਦਾ ਨਾਂ ਸੀ ਚੂਈ’ ਦੀ ਪ੍ਰਕਾਸ਼ਨਾ ਲਈ ਪ੍ਰਭਜੋਤ ਕੌਰ ਸਿੰਘ ਦੇ ਪਰਿਵਾਰ ਤੇ ਪੰਜਾਬੀ ਸਨੇਹੀਆ ਨੂੰ ਮੁਬਾਰਕਬਾਦ ਪੇਸ਼ ਹੈ ਅਤੇ ਸੰਤੁਸ਼ਟਤਾ ਦਾ ਅਹਿਸਾਸ ਹੋਇਆ ਹੈ ਕਿ ਵਿਦੇਸ਼ਾਂ ਵਿੱਚ ਰਹਿੰਦੇ ਹੋਏ ਵੀ ਪੰਜਾਬੀ ਬਸ਼ਿੰਦੇ ਪੰਜਾਬੀ ਪ੍ਰਤੀ ਸੁਹਿਰਦਤਾ ਦਾ ਪ੍ਰਗਟਾਵਾ ਕਰਦੇ ਹੋਏ ਪੰਜਾਬੀ ਦੇ ਵਿਕਾਸ ਅਤੇ ਭਵਿੱਖ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਂਣਗੇ।

ਇਸ ਪੁਸਤਕ ਦੀ ਰਚਨਾ ਤੇ ਪ੍ਰਕਾਸ਼ਨਾ ਵਿੱਚ ਸ. ਜਰਨੈਲ ਸਿੰਘ ਸੇਖਾ ਦੇ ਯੋਗਦਾਨ ਦੀ ਪ੍ਰਸ਼ੰਸਾ ਕਰਨੀ ਵੀ ਉਚਿੱਤ ਹੈ ਜਿਨ੍ਹਾਂ ਦੇ ਪ੍ਰਭਾਵ ਅਧੀਨ ਹੀ ਇਹ ਰਚਨਾ ਸੰਪੂਰਨ ਹੋ ਸਕੀ।

**ਡਾ. ਸ. ਪ. ਸਿੰਘ**

## ਸਰਗਰਮੀਆਂ

# ਪਰਵਾਸੀ ਸਾਹਿਤ ਅਧਿਅਨ ਕੇਂਦਰ

## The Sikh Heritage Beyond Borders
## ਦਲਵੀਰ ਸਿੰਘ ਪੰਨੂ ਰਚਿਤ ਪੁਸਤਕ ਲੋਕ ਅਰਪਣ





ਅਮਰੀਕਾ ਵੱਸਦੇ ਸਿੱਖ ਵਿਦਵਾਨ ਡਾ. ਦਲਬੀਰ ਸਿੰਘ ਪੰਨੂ ਦੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੰਗਰੇਜ਼ੀ ਪੁਸਤਕ The sikh heritage beyond borders (ਸਰਹੱਦ ਪਾਰਲੀ ਸਿੱਖ ਵਿਰਾਸਤ) ਦਾ ਲੁਧਿਆਣਾ ਸਥਿਤ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਸਿਵਲ ਲਾਈਨਜ਼ ਵਿਖੇ ਪਰਵਾਸੀ ਸਾਹਿੱਤ ਅਧਿਅਨ ਕੇਂਦਰ ਵੱਲੋਂ ਲੋਕ ਵਿਰਾਸਤ ਅਕਾਡਮੀ ਦੇ ਸਹਿਯੋਗ ਨਾਲ ਜਾਣ ਪਛਾਣ ਤੇ ਵਿਚਾਰ ਚਰਚਾ ਸਮਾਗਮ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਕਰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ: ਸ. ਪ. ਸਿੰਘ ਨੇ ਕਿਹਾ ਹੈ ਕਿ ਲੰਮੀ ਖੋਜ ਤੇ ਵਿਸ਼ਵ ਧਰਮ ਤੁਲਨਾਤਮਿਕ ਅਧਿਐਨ ਦੇ ਬਾਅਦ ਡਾ. ਦਲਬੀਰ ਸਿੰਘ ਪੰਨੂ ਨੇ

ਪ੍ਰਮਾਣਿਕ ਇਤਿਹਾਸਕ ਕਾਰਜ ਕੀਤਾ ਹੈ, ਜਿਸ ਨੂੰ ਦਸਤਾਵੇਜ਼ ਵਾਂਗ ਘਰ ਘਰ ਪਹੁਚਾਉਣ ਦੀ ਲੋੜ ਹੈ।

ਇਸ ਸਚਿੱਤਰ ਗਿਆਨ ਪੁਸਤਕ ਦੀ ਸਿਰਜਣ ਪ੍ਰਕ੍ਰਿਆ ਅਤੇ ਪ੍ਰਕਾਸ਼ਨ ਤੀਕ ਸਫ਼ਰ ਬਾਰੇ ਲੇਖਕ ਡਾ. ਦਲਬੀਰ ਸਿੰਘ ਪੰਨੂ ਜਾਣਕਾਰੀ ਦੇਂਦਿਆਂ ਕਿਹਾ ਕਿ ਇਹ ਪੁਸਤਕ ਪਿਛਲੇ ਦਸ ਸਾਲਾਂ ਦੀ ਨਿਰੰਤਰ ਮਿਹਨਤ ਤੇ ਵਿਸ਼ਵ ਦੀਆਂ ਪੁਰਾਤਨ ਪੁਸਤਕਾਂ ਲੱਭ ਲੱਭ ਕੇ ਪੜ੍ਹਨ ਗੁੜ੍ਹਨ ਤੇ ਆਪਸੀ ਵਿਚਾਰ ਵਟਾਂਦਰੇ ਦਾ ਹੀ ਪ੍ਰਤੀਫ਼ਲ ਹੈ।




ਇਸ ਮੌਕੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਤੇ ਲੋਕ ਵਿਰਾਸਤ ਅਕਾਡਮੀ ਵੱਲੋਂ ਡਾ. ਦਲਬੀਰ ਸਿੰਘ ਪੰਨੂੰ ਨੂੰ ਸਨਮਾਨਿਤ ਕੀਤਾ ਗਿਆ।

ਵਿਚਾਰ ਚਰਚਾ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਪਰੋ ਵਾਈਸ ਚਾਂਸਲਰ ਪ੍ਰੋ: ਪ੍ਰਿਥੀਪਾਲ ਸਿੰਘ ਕਪੂਰ, ਡਾ: ਹਰਦੇਵ ਸਿੰਘ ਵਿਰਕ ਸਾਬਕਾ ਸੀਨੀਅਰ ਪ੍ਰੋਫੈਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਪ੍ਰੋ. ਰਵਿੰਦਰ ਭੱਠਲ, ਪ੍ਰਧਾਨ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ, ਡਾ. ਅਰਵਿੰਦਰ ਸਿੰਘ ਭੱਲਾ ਪ੍ਰਿੰਸੀਪਲ, ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਤੇ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਭਾਗ ਲਿਆ। ਇਸ ਮੌਕੇ ਉੱਘੇ ਵਿਦਵਾਨ ਇਤਿਹਾਸਕਾਰ ਸੁਭਾਸ਼ ਪਰਿਹਾਰ, ਡਾ: ਗੁਰਇਕਬਾਲ ਸਿੰਘ, ਸੂਰਜ ਸਿੰਘ ਨੱਤ, ਅਮਰੀਕਾ ਤੋਂ ਪੱਤਰਕਾਰ ਸ: ਤਰਲੋਚਨ ਸਿੰਘ ਦੁਪਾਲਪੁਰ, ਗੁਰਜਤਿੰਦਰ ਸਿੰਘ ਰੰਧਾਵਾ ਮੁੱਖ ਸੰਪਾਦਕ ਪੰਜਾਬ ਮੇਲ ਵੀ ਹਾਜ਼ਰ ਸਨ।

# ਪਰਵਾਸੀ ਕੇਂਦਰ ਵਿੱਚ ਲੇਖਕਾਂ ਦੀ ਫੇਰੀ
















ਪਿਛਲੇ ਦਿਨੀਂ ਕਾਲਜ ਦੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਵਿੱਚ ਵੱਖ ਵੱਖ ਮੁਲਕਾਂ ਦੇ ਪਰਵਾਸੀ ਲੇਖਕਾਂ ਨੇ ਵੱਖ ਵੱਖ ਸਮਾਗਮਾਂ ਵਿੱਚ ਉਚੇਚੇ ਤੌਰ ਤੇ ਸ਼ਿਰਕਤ ਕੀਤੀ, ਜਿਨਾਂ ਵਿਚ ਸੁਰਿੰਦਰ ਗੀਤ (ਕੈਨੇਡਾ) ਅਤੇ ਦਲਜਿੰਦਰ ਰਹਿਲ (ਇਟਲੀ)ਨੇ ਪੰਜਾਬੀ ਵਿਭਾਗ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਪੰਜਾਹ ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਕਵੀ ਦਰਬਾਰ ਵਿੱਚ ਜੋ ਕਿ ਪੰਜਾਬ ਕਲਾ ਪ੍ਰੀਸ਼ਦ ਦੇ ਸਹਿਯੋਗ ਨਾਲ ਕਰਵਾਇਆ ਗਿਆ ਸੀ, ਸ਼ਿਰਕਤ ਕੀਤੀ ਅਤੇ ਆਪਣੀਆਂ ਨਜ਼ਮਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਦਲਜਿੰਦਰ ਰਹਿਲ ਨੇ ਪਰਵਾਸੀ ਕੇਂਦਰ ਵੱਲੋਂ ਚਲਾਏ ਜਾ ਰਹੇ ਤ੍ਰੈਮਾਸਿਕ ਮੈਗਜ਼ੀਨ **ਪਰਵਾਸ** ਲਈ ਆਪਣੀ ਸੰਸਥਾ ਸਾਹਿਤ ਸੁਰ ਸੰਗਮ ਸਭਾ,ਇਟਲੀ ਵੱਲੋਂ ਵਿੱਤੀ ਸਹਾਇਤਾ ਵੀ ਦਿੱਤੀ ਅਤੇ ਭਵਿੱਖ ਵਿੱਚ ਦੋਨੋਂ ਸੰਸਥਾਵਾਂ ਦੇ ਸੰਬੰਧ ਹੋਰ ਵੀ ਗੂੜੇ ਹੋਣ ਦੀ ਆਸ ਪ੍ਰਗਟਾਈ। ਅਮਰੀਕਾ ਵੱਸਦੇ ਪਰਵਾਸੀ ਨਕਸ਼ਦੀਪ ਪੰਜਕੋਹਾ ਨੇ ਆਪਣੀ ਫੇਰੀ ਦੌਰਾਨ ਆਪਣੀਆਂ ਨਵ ਪ੍ਰਕਾਸ਼ਿਤ ਪੁਸਤਕਾਂ 'ਦਰੱਖਤੋਂ ਟੁੱਟੇ ਪੱਤੇ' (ਨਾਵਲ ) ਤੇ 'ਰਾਤ ਦੀ ਕੁੱਖੋਂ' (ਕਾਵਿ ਸੰਗ੍ਰਹਿ) ਪਰਵਾਸੀ ਕੇਂਦਰ ਦੀ ਲਾਇਬ੍ਰੇਰੀ ਨੂੰ ਭੇਟਾ ਕੀਤੀਆਂ ਅਤੇ **ਪਰਵਾਸ** ਮੈਗਜ਼ੀਨ ਲਈ ਵਿੱਤੀ ਸਹਾਇਤਾ ਵੀ ਦਿੱਤੀ ਤੇ ਭਵਿੱਖ ਵਿੱਚ ਹਰ ਤਰਾਂ ਦਾ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ । ਕੈਲੀਫੋਰਨੀਆ ਦੇ ਸਿੱਖ ਵਿਦਵਾਨ ਡਾਕਟਰ ਦਲਬੀਰ ਸਿੰਘ ਪੰਨੂੰ ਨਾਲ ਰੂਬਰੂ ਸਮਾਗਮ ਕਰਵਾਇਆ ਗਿਆ ਅਤੇ ਉਨ੍ਹਾਂ ਦੀ ਪੁਸਤਕ The Sikh Heritage Beyond Boarders 'ਤੇ ਬੜੀ ਗਹਿਰ ਗੰਭੀਰ ਚਰਚਾ ਵੀ ਕੀਤੀ ਗਈ। ਇਸ ਮੌਕੇ ਗੁਰਜਤਿੰਦਰ ਸਿੰਘ ਰੰਧਾਵਾ ਮੁੱਖ ਸੰਪਾਦਕ ਪੰਜਾਬ ਮੇਲ (ਅਮਰੀਕਾ) ਅਤੇ ਤਰਲੋਚਨ ਸਿੰਘ ਦੁਪਾਲਪੁਰ (ਕੈਨੇਡਾ) ਨੇ ਵੀ ਸ਼ਿਰਕਤ ਕੀਤੀ।

# ਰਿਸ਼ੀ ਗੁਲਾਟੀ ਦੀ ਪੁਸਤਕ ਦਾ ਲੋਕ ਅਰਪਣ ਸਮਾਗਮ



ਐਡੀਲੇਡ (ਆਸਟਰੇਲੀਆ) ਵੱਸਦੇ ਪੰਜਾਬੀ ਮਨੋਵਿਗਿਆਨੀ ਤੇ ਵਾਰਤਕਕਾਰ ਰਿਸ਼ੀ ਗੁਲਾਟੀ ਦੀ ਪੁਸਤਕ 'ਜ਼ਿੰਦਗੀ ਅਜੇ ਬਾਕੀ ਹੈ' ਨੂੰ ਪਰਵਾਸੀ ਸਾਹਿੱਤ ਅਧਿਐਨ ਕੇਂਦਰ ਵੱਲੋਂ ਲੋਕ ਅਪਰਣ ਕਰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਵਾਈਸ ਚਾਂਸਲਰ ਡਾ: ਸ. ਪ. ਸਿੰਘ ਨੇ ਕਿਹਾ ਹੈ ਕਿ ਬਦੇਸ਼ਾਂ ਚ ਵੱਸਦੇ ਪੰਜਾਬੀਆਂ ਦੇ ਮਨੋਵਿਗਿਆਨ ਨੂੰ ਸਮਝਣਾ ਅਤੇ ਗੁੰਝਲਾਂ ਨੂੰ ਸੁਲਝਾਉਣਾ ਏਨਾ ਸਹਿਜ ਕਾਰਜ ਨਹੀਂ ਹੈ।

ਇਸ ਮੌਕੇ ਪੁਸਤਕ ਨੂੰ ਆਸ਼ੀਰਵਾਦ ਦਿੰਦਿਆਂ ਪ੍ਰਸਿੱਧ ਇਤਿਹਾਸਕਾਰ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਪਰੋ-ਵਾਈਸ ਚਾਂਸਲਰ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਨੇ ਕਿਹਾ ਕਿ  ਬਦੇਸ਼ਾਂ ਚ ਰਹਿ ਕੇ ਸਾਹਿੱਤ ਸਿਰਜਣਾ ਕਰਨਾ ਆਸਾਨ ਕੰਮ ਨਹੀਂ ਸਗੋਂ  ਤਾਰ ਤੇ ਤੁਰਨ ਬਰਾਬਰ ਹੈ।

ਪੰਜਾਬੀ ਸਾਹਿੱਤ ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਅਸਲੋਂ ਨਵੇਂ ਵਿਸ਼ੇ ਤੇ ਪਰਦੇਸੀ ਪਰਿਵਾਰਾਂ ਲਈ ਇਹ ਕਿਤਾਬ ਸਫ਼ਲ ਮਾਰਗ ਦਰਸ਼ਕ ਬਣਨ ਦੀ ਸਮਰਥਾ ਰੱਖਦੀ ਹੈ ਪਰ ਮੁਸੀਬਤ ਇਹ ਹੈ ਕਿ ਬਦੇਸ਼ਾਂ ਚ ਵੱਸਦੀ ਨਵੀਂ ਪੀੜ੍ਹੀ ਗੁਰਮੁਖੀ ਅੱਖਰਾਂ ਤੋਂ ਪਰਹੇਜ਼ਗਾਰ ਹੈ। ਪੰਜਾਬੀ ਸਾਹਿਤ ਅਕਾਡਮੀ ਆਫ ਆਸਟਰੇਲੀਆ ਦੇ ਜਨਰਲ ਸਕੱਤਰ ਸਰਬਜੀਤ ਸੋਹੀ ਦਾ ਧੰਨਵਾਦ ਕੀਤਾ, ਜਿੰਨ੍ਹਾਂ ਦੀ ਪ੍ਰੇਰਨਾ ਅਤੇ ਪਹਿਲਕਦਮੀ ਕਾਰਨ ਇਹ ਮਹੱਤਵਪੂਰਨ ਕਿਤਾਬ ਸਾਡੇ ਤੀਕ ਪਹੁੰਚੀ ਹੈ

ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਨੇ ਕਿਹਾ ਕਿ ਇਹ ਪੁਸਤਕ ਪਾਠ ਪੁਸਤਕ ਵਾਂਗ ਗਿਆਨ ਦੇ ਖਿੜਕੀਆਂ ਦਰਵਾਜ਼ੇ ਖੋਲ੍ਹ ਕੇ ਸਾਨੂੰ ਜੀਵਨ ਦੀ ਭਰਪੂਰਤਾ ਦੇ ਦਰਸ਼ਨ ਕਰਵਾਉਂਦੀ ਹੈ।

ਗੁਜਰਾਂਵਾਲਾ ਗੁਰੂ ਨਾਨਕ ਇੰਸਟੀਚੀਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਦੇ ਡਾਇਰੈਕਟਰ ਪ੍ਰੋ. ਮਨਜੀਤ ਸਿੰਘ ਛਾਬੜਾ, ਮੈਨੇਜਮੈਂਟ ਮੈਂਬਰ ਸ. ਕੁਲਜੀਤ ਸਿੰਘ, ਸ. ਹਰਦੀਪ ਸਿੰਘ ਤੇ ਸ. ਹਰਸ਼ਰਨ ਸਿੰਘ ਨਰੂਲਾ (ਨਾਈਜੇਰੀਆ) ਨੇ ਵੀ ਰਿਸ਼ੀ ਗੁਲਾਟੀ ਨੂੰ ਖ਼ੂਬਸੂਰਤ ਕਿਤਾਬ ਲਿਖਣ ਲਈ ਮੁਬਾਰਕ ਭੇਂਟ ਕੀਤੀ।

ਪੰਜਾਬੀ ਵਿਭਾਗ ਦੇ ਮੁਖੀ ਡਾ: ਭੁਪਿੰਦਰ ਸਿੰਘ, ਪ੍ਰੋ: ਸ਼ਰਨਜੀਤ ਕੌਰ ਤੇ ਡਾ: ਤੇਜਿੰਦਰ ਕੌਰ ਨੇ ਵੀ ਪੁਸਤਕ ਬਾਰੇ ਵਿਚਾਰ ਚਰਚਾ ਕੀਤੀ।

## ਆਸਟਰੇਲੀਆ ਵਿੱਚ ਪੰਜਾਬੀ ਲੇਖਕਾਂ ਦਾ ਸਨਮਾਨ




ਬ੍ਰਿਸਬੇਨ, ਆਸਟਰੇਲੀਆ ਦੀ ਨਾਮਵਰ ਸਾਹਿਤਕ ਸੰਸਥਾ ਇੰਡੋਜ਼ ਪੰਜਾਬੀ ਸਾਹਿਤ ਅਕਾਡਮੀ ਆਫ਼ ਆਸਟਰੇਲੀਆ ਵੱਲੋਂ ਆਸਟਰੇਲੀਆ ਦੌਰੇ ਤੇ ਆਏ ਇੰਡੋ-ਕਨੇਡੀਅਨ ਲੇਖਕ ਅਤੇ ਕਨੇਡੀਅਨ ਪੰਜਾਬੀ ਐਸੋਸੀਏਸ਼ਨ ਆਫ਼ ਬ੍ਰਿਟਿਸ਼ ਕੋਲੰਬੀਆ ਦੇ ਸੈਕਟਰੀ ਪ੍ਰਿਤਪਾਲ ਗਿੱਲ ਅਤੇ ਕਨੇਡੀਅਨ ਪੰਜਾਬੀ ਸਮਾਜ ਸੇਵੀ ਅਤੇ ਖੇਡ ਪ੍ਰਬੰਧਕ ਕੁਲਦੀਪ ਗਿੱਲ ਦੇ ਸਨਮਾਨ ਵਿੱਚ ਬ੍ਰਿਸਬੇਨ ਦੀ ਇੰਡੋਜ਼ ਪੰਜਾਬੀ ਲਾਇਬ੍ਰੇਰੀ ਇਨਾਲਾ ਵਿਖੇ ਇਕ ਸ਼ਾਨਦਾਰ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਸ਼ਹਿਰ ਦੇ ਲੇਖਕਾਂ ਤੇ ਵੱਡੀ ਗਿਣਤੀ ਵਿੱਚ ਪਾਠਕਾਂ ਨੇ ਹਿੱਸਾ ਲਿਆ। ਇਪਸਾ ਵੱਲੋਂ ਜਸਵੰਤ ਰਾਊਕੇ ਦੀ ਕਿਤਾਬ 'ਰਿਸ਼ਮਾਂ ਦੇ ਸਿਰਨਾਵੇਂ' ਵੀ ਲੋਕ ਅਰਪਣ ਕੀਤੀ ਗਈ।

## ਸਰਗਰਮੀਆਂ ਇਟਲੀ

# ਪ੍ਰੋ. ਗੁਰਭਜਨ ਸਿੰਘ ਗਿੱਲ ਦੀ ਪੁਸਤਕ 'ਮਨ ਪਰਦੇਸੀ' ਲੋਕ ਅਰਪਣ




ਸਾਹਿਤ ਸੁਰ ਸੰਗਮ ਸਭਾ ਇਟਲੀ ਦੀ ਸਭਾ ਦੇ ਮੀਤ ਪ੍ਰਧਾਨ ਰਾਣਾ ਅਠੌਲਾ ਦੀ ਪ੍ਰਧਾਨਗੀ ਹੇਠ ਸਭਾ ਪ੍ਰੈਸ ਸਕੱਤਰ ਹਰਦੀਪ ਸਿੰਘ ਕੰਗ ਦੇ ਗ੍ਰਹਿ (ਵੇਰੋਨਾ) ਵਿੱਖੇ ਮੀਟਿੰਗ ਹੋਈ, ਜਿਸ ਵਿੱਚ ਪੰਜਾਬ ਫੇਰੀ ਤੋਂ ਇਟਲੀ ਪਰਤੇ ਸਭਾ ਦੇ ਮੁੱਖ ਬੁਲਾਰੇ ਤੇ ਸਲਾਹਕਾਰ ਦਲਜਿੰਦਰ ਰਹਿਲ ਨੇ ਅਪਣੇ ਵਿਚਾਰ ਅਨੁਭਵ ਬਾਕੀ ਮੈਂਬਰਾਂ ਨਾਲ ਸਾਂਝੇ ਕਰਦਿਆਂ ਸਭਾ ਦੀਆਂ ਭਵਿੱਖੀ ਜਿੰਮੇਵਾਰੀਆਂ ਬਾਰੇ ਵਿਚਾਰ ਚਰਚਾ ਕੀਤੀ।

ਇਸ ਮੀਟਿੰਗ ਵਿੱਚ ਪ੍ਰੋ. ਗੁਰਭਜਨ ਸਿੰਘ ਗਿੱਲ ਦੇ ਨਵੇਂ ਛਪੇ ਗ਼ਜ਼ਲ ਸੰਗ੍ਰਹਿ  'ਮਨ ਪਰਦੇਸੀ' ਕਹਾਣੀਕਾਰ ਸੁਖਜੀਤ ਦੇ ਕਹਾਣੀ ਸੰਗ੍ਰਹਿ 'ਮੈਂ ਆਯਨਘੋਸ਼ ਨਹੀਂ"  ਅਤੇ ਸੁਰਿੰਦਰ ਰਾਮਪੁਰੀ ਜੀ ਦੇ ਕਹਾਣੀ ਸੰਗ੍ਰਹਿ 'ਸਹਿਮੀ ਬੁਲਬੁਲ ਦਾ ਗੀਤ' ਨੂੰ ਲੋਕ ਅਰਪਣ ਕੀਤਾ ਗਿਆ।

ਮੀਟਿੰਗ ਵਿੱਚ ਮੁੱਖ ਸਲਾਹਕਾਰ ਬਿੰਦਰ ਕੋਲਿਆਂਵਾਲ, ਨਿਰਵੈਲ ਸਿੰਘ, ਮੇਜਰ ਸਿੰਘ ਖੱਖ, ਹਰਦੀਪ ਸਿੰਘ ਕੰਗ, ਵਿੱਕੀ ਬਟਾਲਾ, ਇੰਦਰਜੀਤ ਸਿੰਘ ਗਰੇਵਾਲ,, ਨਿਰਭੈਜੀਤ ਸਿੰਘ 'ਨਵੀ' ਤੇ ਸ਼੍ਰੀ ਭਟਨਾਗਰ ਜੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਅਤੇ ਹਾਜ਼ਰ ਲੇਖਕਾਂ ਵੱਲੋਂ ਆਪਣੀਆਂ ਰਚਨਾਵਾਂ ਵੀ ਸਾਂਝੀਆਂ ਕੀਤੀਆਂ ਗਈਆਂ।

## ਸਰਗਰਮੀਆਂ ਅਮਰੀਕਾ

# ਹਿਊਸਟਨ ਵਿਖੇ ਜਸਵੀਰ ਸਿੰਘ ਗਰਚਾ ਦਾ ਕਹਾਣੀ ਸੰਗ੍ਰਹਿ ‘ਤੱਪੜ ਤੇ ਮੋਹਰ’ ਲੋਕ ਅਰਪਣ



ਜਸਵੀਰ ਸਿੰਘ ਗਰਚਾ ਦਾ ਪਹਿਲਾ ਕਹਾਣੀ ਸੰਗ੍ਰਹਿ ‘ਤੱਪੜ ਤੇ ਮੋਹਰ’ ਡਾ. ਇਨਕਲਾਬੀ ਥਾਂਦੀ, ਜਸਵੰਤ ਸਿੰਘ ਜੱਸੀ, ਕੰਵਰਪ੍ਰੀਤ ਸਿੰਘ ਵੱਲੋਂ ਸਾਂਝੇ ਤੌਰ ’ਤੇ ਲੋਕ ਅਰਪਣ ਕੀਤਾ ਗਿਆ। ਲੋਕ ਅਰਪਣ ਕਰਦਿਆਂ ਜਸਵੀਰ ਸਿੰਘ ਗਰਚਾ, ਰੇਨੂੰ ਗਰਚਾ ਜੀਵਨ ਸਾਥਣ, ਜਗਜੀਤ ਸਿੰਘ, ਗੁਰਜੀਤ ਕੌਰ, ਅਮਿਤ ਗਰਚਾ, ਸੰਤ ਸਿੰਘ ਸੇਖੋਂ ਦਾ ਦੋਹਤਾ ਬਲਰਾਜ ਸਿੰਘ, ਕੰਵਲਜੀਤ ਸਿੰਘ, ਬਲਜੀਤ ਕੌਰ, ਬਿੰਦਰ ਸਿੰਘ ਊਭੀ, ਕਮਲਜੀਤ ਥਾਂਦੀ, ਗ਼ਜ਼ਲਗੋ ਸਤੀਸ਼ ਗੁਲਾਟੀ ਤੇ ਅੰਜੂ ਗੁਲਾਟੀ ਵੀ ਹਾਜ਼ਰ ਸਨ। ਸਾਰਿਆਂ ਨੇ ਜਸਵੀਰ ਸਿੰਘ ਗਰਚਾ ਨੂੰ ਵਧਾਈ ਦਿੰਦਿਆਂ ਹਿਊਸਟਨ ਵਿੱਚ ਸਾਹਿਤਕ ਜੀਵਨੀਆਂ ਦਾ ਕੇਂਦਰ ਬਣਨ ’ਤੇ ਵਧਾਈ ਦਿੱਤੀ। ਜਸਵੀਰ ਸਿੰਘ ਗਰਚਾ ਵੱਲੋਂ 12 ਸਾਲ ਪਹਿਲਾਂ ‘ਲਾਲਸਾ ਤੇ ਹੋਰ ਨਾਟਕ’ ਸੰਪਾਦਿਤ ਪੁਸਤਕ ਵੀ ਪੰਜਾਬੀ ਸਾਹਿਤ ਦੀ ਝੋਲੀ ਪਾਈ ਗਈ ਸੀ ਤੇ ‘ਤੱਪੜ ਤੇ ਮੋਹਰ’ ਉਨਾਂ ਦਾ ਪਹਿਲਾ ਕਹਾਣੀ-ਸੰਗ੍ਰਹਿ ਹੈ ਜੋ ਕਿ ਪਿਛਲੇ ਪੰਦਰਾਂ-ਵੀਹਾਂ ਸਾਲਾਂ ’ਚ ਲਿਖੀਆਂ ਵੱਖ-ਵੱਖ ਵਿਸ਼ਿਆਂ ’ਤੇ ਕਹਾਣੀਆਂ ਹਨ ਇਨਾਂ ਕਹਾਣੀਆਂ ਨੂੰ ਪੜਦਿਆਂ ਪਾਠਕਾਂ ਦਾ ਕਥਾ-ਰਸ ਵੀ ਬਣਿਆ ਰਹਿੰਦਾ ਹੈ। ਹਿਊਸਟਨ ਦੇ ਪਾਠਕਾਂ ਲਈ ਖ਼ੁਸ਼ੀ ਦੀ ਗੱਲ ਹੈ ਕਿ ਜਸਵੀਰ ਸਿੰਘ ਗਰਚਾ ਇੱਥੋਂ ਦੀ ਜ਼ਿੰਦਗੀ ਤੇ ਭਾਰਤ ਦੀ ਜ਼ਿੰਦਗੀ ’ਤੇ ਅਧਾਰਿਤ ਚੁਣੌਤੀਆਂ ਤੇ ਮੁਸ਼ਕਲਾਂ ’ਤੇ ਆਪਣੀ ਕਲਮ ਚਲਾ ਰਿਹਾ ਹੈ।

‘ਤੱਪੜ ਤੇ ਮੋਹਰ’ ਕਹਾਣੀ ਸੰਗ੍ਰਹਿ ਸੰਦੀਪ ਸਿੰਘ ਧਾਲੀਵਾਲ ਨੂੰ ਸਮਰਪਿਤ ਕੀਤਾ ਗਿਆ ਹੈ। ਰੇਡੀਓ ਹੋਸਟ ਕੇ. ਪੀ. ਸਿੰਘ ਨੇ ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ‘ਹੁਣ ਅਸੀਂ ਵੀ ਸ਼ਾਇਦ’ ਤੇ ‘ਅੱਖ ਦੌੜ ਰਹੀ ਹੈ’ ਦਾ ਵਿਸ਼ੇਸ਼ ਤੌਰ ’ਤੇ ਜ਼ਿਕਰ ਕੀਤਾ। ਆਸ ਹੈ ਕਿ ਭਵਿੱਖ ਵਿਚ ਪੰਜਾਬੀ ਸਾਹਿਤ ਵਿਚ ਇਹ ਪੁਸਤਕ ਚਰਚਾ ਦਾ ਵਿਸ਼ਾ ਬਣੀ ਰਹੇਗੀ।

# ਸਰਗਰਮੀਆਂ ਬਰਤਾਨੀਆ: ਗੁਰਭਜਨ ਗਿੱਲ ਦੀ ਫੇਰੀ

## ਪੰਜਾਬੀ ਸਾਹਿਤ ਸਭਾ ਗਲਾਸਗੋ ਕਵੀ ਦਰਬਾਰ 2019



'ਵਿਦੇਸ਼ਾਂ ਵਿੱਚ ਜੰਮੇ ਪੰਜਾਬੀ ਮੂਲ ਦੇ ਬੱਚੇ ਸਾਡਾ ਭਵਿੱਖ ਹਨ, ਇਹ ਸਾਡੇ ਤੇ ਨਿਰਭਰ ਕਰਦਾ ਹੈ ਕਿ ਅਸੀਂ ਆਪਣਾ ਕਿਹੋ ਜਿਹਾ ਭਵਿੱਖ ਦੇਖਣਾ ਪਸੰਦ ਕਰਦੇ ਹਾਂ। ਸਾਹਿਤਕ ਜਾਂ ਭਾਈਚਾਰੇ ਦੇ ਹੋਰਨਾਂ ਸਮਾਗਮਾਂ ਵਿੱਚ ਬੱਚਿਆਂ ਦੀ ਭਾਗੀਦਾਰੀ ਉਹਨਾਂ ਅੰਦਰ ਉਤਸ਼ਾਹ ਤਾਂ ਭਰਦੀ ਹੀ ਹੈ, ਉਕਤ ਵਿਚਾਰਾਂ ਦਾ ਪ੍ਰਗਟਾਵਾ ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਸਕਾਟਲੈਂਡ ਦੀ ਵੱਕਾਰੀ ਸਾਹਿਤ ਸੰਸਥਾ ਪੰਜਾਬੀ ਸਾਹਿਤ ਸਭਾ ਗਲਾਸਗੋ ਵੱਲੋਂ ਕਰਵਾਏ ਸਾਲਾਨਾ ਕਵੀ ਦਰਬਾਰ ਦੌਰਾਨ ਕੀਤਾ।

ਉਹਨਾਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਬਾਰੇ ਚਿੰਤਿਤ ਰਹਿੰਦੀਆਂ ਧਿਰਾਂ ਨੂੰ ਬੇਨਤੀ ਕੀਤੀ ਕਿ ਉਹ ਸੱਰੀ ਕੈਨੇਡਾ ਦੇ ਪੰਜਾਬ ਭਵਨ ਦੀ ਤਰਜ਼ 'ਤੇ ਸਕਾਟਲੈਂਡ ਵਿੱਚ ਵੀ ਪੰਜਾਬ ਭਵਨ ਦੀ ਸਥਾਪਨਾ ਕਰਨ।

ਇਸ ਸਮੇਂ ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਆਪਣੀਆਂ ਸ਼ਾਹਕਾਰ ਰਚਨਾਵਾਂ ਲੋਰੀ, ਪੰਜ ਸਦੀਆਂ ਪਰਤ ਕੇ ਨਾਨਕ ਪਿਆਰਾ ਵੇਖਿਆ ਤੋਂ ਇਲਾਵਾ ਕੁਝ ਗ਼ਜ਼ਲਾਂ ਤੇ ਕਵਿਤਾਵਾਂ ਦੇ ਪਾਠ ਅਤੇ ਬੇਸ਼ਕੀਮਤੀ ਮੋਹਮੱਤੀਆਂ ਗੱਲਾਂ ਨਾਲ ਹਾਜ਼ਰ ਸਰੋਤਿਆਂ ਨੂੰ ਸਾਹ ਰੋਕ ਬੈਠੇ ਰਹਿਣ ਲਈ ਮਜ਼ਬੂਰ ਕਰੀ ਰੱਖਿਆ।

ਸਮਾਗਮ ਦੇ ਦੂਜੇ ਦੌਰ ਵਿੱਚ ਗਲਾਸਗੋ ਵੱਸਦੇ ਸ਼ਾਇਰ ਅਮਨਦੀਪ ਸਿੰਘ ਅਮਨ ਦੀ ਗ਼ਜ਼ਲ ਪੁਸਤਕ 'ਕੁਦਰਤ' ਗੁਰਭਜਨ ਗਿੱਲ, ਦਿਲਾਵਰ ਸਿੰਘ ਤੇ ਦਲਜੀਤ ਸਿੰਘ ਦਿਲਬਰ ਜੀ ਨੇ ਲੋਕ ਅਰਪਣ ਕੀਤੀ।

ਕਵੀ ਦਰਬਾਰ ਚ ਇੰਗਲੈਂਡ 'ਚ ਜੰਮੇ ਬੱਚਿਆਂ ਮਨਬੀਰ ਕੌਰ, ਹਿੰਮਤ ਖੁਰਮੀ ਤੇ ਕੀਰਤ ਖੁਰਮੀ ਦੇ ਨਾਲ ਨਾਲ ਉਰਦੂ ਤੇ ਪੰਜਾਬੀ ਸ਼ਾਇਰ ਸਲੀਮ ਰਜ਼ਾ,

ਇਸ਼ਤਿਆਕ ਅਹਿਮਦ, ਅਮਨਦੀਪ ਸਿੰਘ ਅਮਨ, ਸ਼ਾਇਰਾ ਰਾਹਤ ਜੀ, ਸ੍ਰੀਮਤੀ ਜਤਿੰਦਰ ਸੰਧੂ, ਫਰਹਾ, ਇਮਤਿਆਜ਼ ਗੌਹਰ, ਹਰਜੀਤ ਦੁਸਾਂਝ, ਮਨਦੀਪ ਖੁਰਮੀ ਹਿੰਮਤਪੁਰਾ, ਨਾਹਰ, ਸੁੱਖੀ ਦੁਸਾਂਝ ਆਦਿ ਨੇ ਆਪਣੀਆਂ ਰਚਨਾਵਾਂ ਰਾਹੀਂ ਸਮਾਗਮ ਨੂੰ ਚਾਰ ਚੰਨ ਲਾਏ। ਸਮੁੱਚੇ ਸਮਾਗਮ ਵਿੱਚ ਦਲਜੀਤ ਸਿੰਘ ਦਿਲਬਰ ਨੇ ਬੜੇ ਸ਼ਾਇਰਾਨਾ ਅੰਦਾਜ਼ ਵਿੱਚ ਮੰਚ ਸੰਚਾਲਕ ਦੀ ਭੂਮਿਕਾ ਅਦਾ ਕੀਤੀ।

## ਗਲਾਸਗੋ(ਸਕਾਟਲੈਂਡ) ਦੇ ਅਦਬੀ ਚਿਹਰਿਆਂ ਨਾਲ ਇੱਕ ਸ਼ਾਮ




ਗੁਰਭਜਨ ਗਿੱਲ ਹੁਰਾਂ ਨੇ ਪੰਜਾਬੀ ਸਾਹਿਤ ਸਭਾ ਗਲਾਸਗੋ( ਸਕਾਟਲੈਂਡ) ਦੇ ਅਦਬੀ ਚਿਹਰਿਆਂ ਨਾਲ ਮਨਦੀਪ ਖੁਰਮੀ ਦੇ ਘਰ ਇਕ ਬਹੁਤ ਮੁੱਲਵਾਨ ਸ਼ਾਮ ਗੁਜਾਰੀ। ਉਹਨਾਂ ਅਨੁਸਾਰ ਹਿੰਮਤ ਪੁਰੇ ਦੇ ਮਨਦੀਪ ਸਦਕਾ ਗਲਾਸਗੋ ਦੇ ਸ. ਦਿਲਬਾਗ ਸਿੰਘ ਸੰਧੂ, ਦਲਜੀਤ ਸਿੰਘ ਦਿਲਬਰ ਤੇ ਕਿੰਨੇ ਹੋਰ ਚੰਗੇ ਜੀਆਂ ਨਾਲ ਮੁਲਾਕਾਤ ਸੰਭਵ ਹੋਈ।

ਤਰਲੋਚਨ ਮੁਠੱਡਾ, ਹਰਜੀਤ ਦੋਸਾਂਝ ਤੇ ਅਮਨ ਦੀਪ ਸਿੰਘ ਅਮਨ ਨਾਲ ਵੀ ਮੇਲ ਹੋਇਆ। ਅਮਨ ਨੇ ਸੱਜਰੀ ਛਪੀ ਗ਼ਜ਼ਲ ਪੁਸਤਕ ‘ਕੁਦਰਤ’ ਵੀ ਉਹਨਾਂ ਨੂੰ ਭੇਟ ਕੀਤੀ।

ਪੁਸਤਕ ਸਭਿਆਚਾਰ ਦੀ ਜੋਤ ਲੈ ਕੇ ਸਾਹਿੱਤ ਸਭਾ ਦੇ ਇਹ ਕਾਰਕੁਨ ਹਰ ਸਾਂਝੀ ਥਾਂ ਤੇ ਸਟਾਲ ਲਗਾਉਂਦੇ ਹਨ ਅਤੇ ਘਰ ਘਰ ਕਿਤਾਬਾਂ ਦੀ ਪਹੁੰਚ ਯਕੀਨੀ ਬਣਾਉਂਦੇ ਹਨ। ਇਨ੍ਹਾਂ ਸੱਜਣਾਂ ਨੂੰ ਗੁਰਭਜਨ ਗਿੱਲ ਨੇ ਵੀ ਆਪਣੀ ਗ਼ਜ਼ਲ ਪੁਸਤਕ ‘ਰਾਵੀ’ ਭੇਂਟ ਕੀਤੀ।

## ਬਲਿਹਾਰ ਸਿੰਘ ਰੰਧਾਵਾ ਨਾਲ ਮੁਲਾਕਾਤ



ਗੁਰਭਜਨ ਗਿੱਲ ਆਪਣੀ ਬਰਤਾਨੀਆ ਫੇਰੀ ਦੌਰਾਨ ਪਿਛਲੇ ਪੰਜਾਹ ਸਾਲਾਂ ਤੋਂ ਇੰਗਲੈਂਡ 'ਚ ਵਸਦੇ ਪੰਜਾਬੀ ਕਵੀ, ਚਿੰਤਕ ਤੇ ਸਰਗਰਮ ਰਹੇ ਸਮਾਜਿਕ ਆਗੂ ਬਲਿਹਾਰ ਸਿੰਘ ਰੰਧਾਵਾ ਨੂੰ ਬਲਵਿੰਦਰ ਸਿੰਘ ਚਾਹਲ ਦੇ ਨਾਲ ਵਿਸ਼ੇਸ਼ ਤੌਰ ਤੇ ਮਿਲਣ ਗਏ।

ਡਾ. ਸ. ਪ. ਸਿੰਘ ਜੀ ਪ੍ਰਤੀ ਆਪਣਾ ਸਤਿਕਾਰ ਪ੍ਰਗਟ ਕਰਦਿਆਂ ਉਹਨਾਂ ਨੇ ਦਸਿਆ ਕਿ ਉਹਨਾਂ ਸਦਕਾ ਹੀ ਮੇਰੀਆਂ ਕਿਤਾਬਾਂ 'ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਖੋਜ ਤੇ ਅਧਿਆਪਨ ਕਾਰਜ ਸੰਭਵ ਹੋ ਸਕਿਆ ਹੈ।

## ਗੁਰਭਜਨ ਗਿੱਲ ਅਕਾਲ ਚੈਨਲ ਤੇ




ਬਰਮਿੰਘਮ ਚ ਅਕਾਲ ਚੈਨਲ ਦੇ ਪ੍ਰੋਗਰਾਮ ਪੇਸ਼ਕਾਰ ਸ: ਨਿਰਮਲ ਸਿੰਘ ਕੰਧਾਲਵੀ ਜੋ ਕਿ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਡਾ. ਜੋਗਿੰਦਰ ਸਿੰਘ ਛਾਬੜਾ ਤੇ ਪ੍ਰੋ. ਅਵਤਾਰ ਸਿੰਘ ਢੋਡੀ ਦੇ ਪੁਰਾਣੇ ਵਿਦਿਆਰਥੀ ਸਨ, ਨਾਲ ਗੁਰਭਜਨ ਗਿੱਲ ਦੀ ਇੰਟਰਵਿਊ ਹੋਈ।


# ਸਰਗਰਮੀਆਂ ਆਸਟਰੇਲੀਆ

## ਬ੍ਰਿਸਬੇਨ ਵਿੱਚ ਸੁਖਵੰਤ ਹੁੰਦਲ ਦਾ ਸਨਮਾਨ




ਬ੍ਰਿਸਬੇਨ ਵਿੱਚ ਇੰਡੋਜ਼ ਪੰਜਾਬੀ ਸਾਹਿਤ ਅਕਾਡਮੀ ਆਫ਼ ਆਸਟਰੇਲੀਆ ਵੱਲੋਂ ਕਨੇਡਾ ਵੱਸਦੇ ਵਿਦਵਾਨ ਲੇਖਕ, ਆਲੋਚਕ ਅਤੇ ਅਨੁਵਾਦਕ 'ਸੁਖਵੰਤ ਹੁੰਦਲ' ਦੇ ਸਨਮਾਨ ਵਿੱਚ ਮਿਤੀ 17 ਦਸੰਬਰ ਦੀ ਸ਼ਾਮ ਨੂੰ ਇਕ ਸ਼ਾਨਦਾਰ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਮੌਕੇ ਦਲਜੀਤ ਅਮੀ ਵੱਲੋਂ ਅਧੁੰਰਤੀ ਰਾਏ ਦਾ ਪੰਜਾਬੀ ਵਿੱਚ ਅਨੁਵਾਦਿਤ ਨਾਵਲ 'ਦਰਬਾਰਿ-ਖੁਸ਼ੀਆਂ ਬੇਪਨਾਹ' ਵੀ ਲੋਕ ਅਰਪਣ ਕੀਤਾ ਗਿਆ। ਇਸ ਪੁਸਤਕ ਬਾਰੇ ਹਰਮਨਦੀਪ ਗਿੱਲ ਨੇ ਸੰਖੇਪ ਰੀਵਿਊ ਵੀ ਪੇਸ਼ ਕੀਤਾ। ਨਾਮਵਰ ਹਸਤੀਆਂ ਦੀ ਹਾਜ਼ਰੀ ਵਿੱਚ ਸੁਖਵੰਤ ਹੁੰਦਲ ਨੂੰ ਇਪਸਾ ਵਲੋਂ ਜੀਵਨ ਭਰ ਦੇ ਕਾਰਜ ਅਤੇ ਪ੍ਰਾਪਤੀਆਂ ਲਈ ਐਵਾਰਡ ਆਫ਼ ਆਨਰ ਦਿਤਾ ਗਿਆ। ਇਕ ਸੰਸਥਾ ਸਮਾਨ ਕਾਰਜਸ਼ੀਲ ਸੁਖਵੰਤ ਹੁੰਦਲ ਦੀ ਸ਼ਬਦ ਸਾਧਨਾ ਦਾ ਦਾਇਰਾ ਬਹੁਤ ਵਿਸ਼ਾਲ ਹੈ। ਪਰਵਾਸੀ ਧਰਤੀ 'ਤੇ ਯੂਨੀਵਰਸਿਟੀ ਵਿੱਚ ਇਕ ਪ੍ਰਾਅਧਿਆਪਕ ਵਜੋਂ ਕੰਮ ਕਰਨਾ ਮਾਣਯੋਗ ਮੁਕਾਮ ਹੈ, ਉਥੇ ਇਕ ਚਿੰਤਕ ਅਤੇ ਆਲੋਚਕ ਦੀ ਭੂਮਿਕਾ ਵਜੋਂ ਜੜ੍ਹਾਂ ਦੀ ਫਿਕਰਮੰਦੀ, ਵਿਸ਼ਵੀ ਵਰਤਾਰਿਆਂ ਦੀ ਸਮਝ, ਪੂੰਜੀਵਾਦੀ ਪ੍ਰਬੰਧ ਦੀਆਂ ਸੀਮਾਵਾਂ, ਪੱਛਮੀ ਸਮਾਜ ਦੇ ਅੰਧਲੇ ਹਿੱਸੇ, ਨਾਰੀ ਸਰੋਕਾਰ, ਪਰਵਾਸ ਵਿੱਚ ਜ਼ੀਰਦੀ ਮਨੋ ਧਰਾਤਲ, ਪੀੜ੍ਹੀ ਪਾੜਾ, ਪਿੱਤਰ ਸੱਤਾ ਆਦਿ ਪੱਖਾਂ ਨੂੰ ਆਪਣੀ ਕਲਮ ਦਾ ਹਿੱਸਾ ਬਣਾਉਣ ਵਾਲਾ ਸੁਖਵੰਤ ਹੁੰਦਲ ਮੰਝਿਆ ਹੋਇਆ ਵਿਦਵਾਨ ਵੀ ਹੈ।

# ਮੈਲਬਰਨ ਵਿੱਚ ਪ੍ਰੋ. ਬਿਕਰਮ ਸਿੰਘ ਘੁੰਮਣ ਦਾ ਸਨਮਾਨ



ਪੰਜਾਬੀ ਸੱਥ ਮੈਲਬਰਨ ਅਤੇ ਜੀ. ਐਨ. ਡੀ. ਯੂ. ਅਲੁਮੀਨੀ ਆਸਟ੍ਰੇਲੀਆ ਵੱਲੋਂ ਸਾਬਕਾ ਪ੍ਰੋਫੈਸਰ ਬਿਕਰਮ ਸਿੰਘ ਘੁੰਮਣ ਅਤੇ ਲੇਖਕ ਕਰਤਾਰ ਸਿੰਘ ਕਾਲੜਾ ਦਾ ਸਨਮਾਨ ਕੀਤਾ ਗਿਆ।



ਇਸ ਦੌਰਾਨ ਸੁਆਲਾਂ ਜੁਆਬਾਂ ਦੇ ਨਾਲ ਨਾਲ ਹੀ ਲੇਖਕ ਕਰਤਾਰ ਸਿੰਘ ਕਾਲੜਾ ਹੁਰਾਂ ਨੇ ਆਪਣੀਆਂ ਗ਼ਜ਼ਲਾਂ ਨਾਲ ਸਰੋਤਿਆਂ ਦਾ ਮਨੋਰੰਜਨ ਕੀਤਾ। ਇਸ ਦੌਰਾਨ ਹਰਜਿੰਦਰ ਸਿੰਘ ਹੁਰਾਂ ਸੁਝਾਅ ਦਿੱਤਾ ਕੇ ਵਿਦੇਸ਼ਾਂ ਵਿੱਚ ਅਗਲੀ ਪੀੜੀ ਦੀ ਪੰਜਾਬੀ ਭਾਸ਼ਾ ਤੇ ਵਿਰਸੇ ਵਿੱਚ ਦਿਲਚਸਪੀ ਪੈਦਾ ਕਰਨ ਲਈ ਘਰਾਂ ਤੋਂ ਲੈ ਕੇ ਭਾਈਚਾਰੇ ਤੱਕ ਪੰਜਾਬੀ ਦਾ ਮਾਹੌਲ ਬਣਾਉਣ ਦੀ ਲੋੜ ਹੈ। ਕਾਲੜਾ ਜੀ ਦੀ ਕਿਤਾਬ 'ਕੰਡਿਆਲੇ ਰਾਹਾਂ ਦਾ ਰਾਹੀ' ਵੀ ਰੀਲੀਜ਼ ਕੀਤੀ ਗਈ। ਇਸ ਪ੍ਰੋਗਰਾਮ ਵਿੱਚ ਕੁਲਜੀਤ ਗ਼ਜ਼ਲ, ਰਮਾਂ ਸੇਖੋਂ, ਬਿਕਰਮ ਸੇਖੋਂ, ਪੁਸ਼ਪਿੰਦਰ ਕੌਰ, ਹਾਕਮ ਸਿੰਘ, ਵਰਿੰਦਰ ਸਿੰਘ, ਭਜਨ ਸਿੰਘ ਗਰੇਵਾਲ, ਨਿਰਪਾਨ ਸਿੰਘ, ਸੁਖਨੰਦਨ ਕੌਰ, ਪਰਮਜੀਤ ਕੌਰ, ਗਾਇਕ ਸਤਵਿੰਦਰ ਸਿੰਘ ਆਦਿ ਨੇ ਮੁੱਖ ਮਹਿਮਾਨਾਂ ਨਾਲ ਪੰਜਾਬ, ਪੰਜਾਬੀ, ਪੰਜਾਬੀਅਤ ਪ੍ਰਤੀ ਵਿਚਾਰ ਵਟਾਂਦਰਾ ਕੀਤਾ।

# ਇੰਡੋਜ਼ ਪੰਜਾਬੀ ਸਾਹਿਤ ਅਕਾਡਮੀ ਦੀ ਨਵੀਂ ਕਾਰਜਕਾਰਨੀ



| | | | | | | | |
|---|---|---|---|---|---|---|---|
| ਜਰਨੈਲ ਬਾਸੀ<br>ਸਰਪ੍ਰਸਤ | ਮਨਜੀਤ ਬੋਪਾਰਾਏ<br>ਕੋਆਰਡੀਨੇਟਰ | ਹਰਮਨਦੀਪ ਗਿੱਲ<br>ਪ੍ਰਵਕਤਾ | ਦਲਵੀਰ ਹਲਵਾਰਵੀ<br>ਪ੍ਰਧਾਨ | ਪਾਲ ਰਾਊਕੇ<br>ਮੀਤ ਪ੍ਰਧਾਨ | ਰੁਪਿੰਦਰ ਸੋਜ਼<br>ਮੀਤ ਪ੍ਰਧਾਨ | ਸਰਬਜੀਤ ਸੋਹੀ<br>ਜਨਰਲ ਸਕੱਤਰ | ਜਸਵੰਤ ਵਾਗਲਾ<br>ਸੰਗਠਨ ਸਕੱਤਰ |
| ਪ੍ਰਿੰਸਪਾਲ ਕੌਰ<br>ਸਹਾਇਕ ਸਕੱਤਰ | ਗੁਰਜੀਤ ਬਾਰੀਆ<br>ਪ੍ਰਚਾਰ ਸਕੱਤਰ | ਰਣਜੀਤ ਵਿਰਕ<br>ਸੂਚਨਾ ਸਕੱਤਰ | ਹਰਮਨਦੀਪ ਕੌਰ<br>ਮੀਡੀਆ ਸਕੱਤਰ | ਅਮਨਦੀਪ ਕੌਰ<br>ਫੋਕਲੋਰ ਡੈਲੀਗੇਟ | ਰਵਿੰਦਰ ਨਾਗਰਾ<br>ਥੀਏਟਰ ਡੈਲੀਗੇਟ | ਮਲਕੀਤ ਧਾਲੀਵਾਲ<br>ਸੰਗੀਤ ਡੈਲੀਗੇਟ | |
| ਜਤਿੰਦਰ ਭੰਗੂ<br>ਪ੍ਰਸਾਰਣ ਸਲਾਹਕਾਰ | ਤਜਿੰਦਰ ਭੰਗੂ<br>ਪ੍ਰਬੰਧਕੀ ਸਲਾਹਕਾਰ | ਆਤਮਾ ਹੇਅਰ<br>ਸਮਾਜਿਕ ਸਲਾਹਕਾਰ | ਸੁਰਜੀਤ ਸੰਧੂ<br>ਖ਼ਜ਼ਾਨਚੀ | ਅਲਕਾ ਸ਼ਰਮਾ<br>ਲੇਖਾਕਾਰ | ਵਰਿੰਦਰ ਅਲੀਸ਼ੇਰ<br>ਸਮੀਖਿਅਕ | | |

# ਪੰਜਾਬੀ ਸੱਥ ਮੈਲਬਰਨ ਦੀ ਸ਼ਾਮ-ਜੱਗੀ ਜੌਹਲ ਦੇ ਨਾਮ



ਪੰਜਾਬੀ ਸੱਥ ਮੈਲਬਰਨ ਵੱਲੋਂ ਨਿਊਜ਼ੀਲੈਂਡ ਤੋਂ ਆਏ ਸ਼ਾਇਰ ਜੱਗੀ ਜੌਹਲ ਦੇ ਸਨਮਾਨ ਵਿਚ ਇਕ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਜੱਸੀ ਧਾਲੀਵਾਲ ਦੀ ਕਹਾਣੀਆਂ ਦੀ ਪੁਸਤਕ 'ਬਾਕੀ ਸਭ ਸੁੱਖ ਸਾਂਦ ਹੈ' ਨੂੰ ਵੀ ਰੀਲੀਜ਼ ਕੀਤਾ ਗਿਆ। ਬੁਲਾਰਿਆਂ ਵਿੱਚ ਮਹਿੰਦਰ ਸਿੰਘ ਗਰਚਾ, ਬਿੱਕਰ ਬਾਈ, ਹਰਪ੍ਰੀਤ ਸਿੰਘ ਬੱਬਰ, ਗੁਰਪ੍ਰੀਤ ਸਿੰਘ, ਜਸਲੀਨ ਕੌਰ, ਗੁਰਸੇਵ ਲੋਚਮ, ਪੁਸ਼ਪਿੰਦਰ ਕੌਰ, ਕੁਲਵੰਤ ਕੌਰ, ਅਸ਼ੋਕ ਕਾਸਿਦ, ਅੰਮ੍ਰਿਤ ਗਰੇਵਾਲ, ਬਿਕਰਮ ਸੇਖੋਂ, ਬਾਗੀ ਭੰਗੂ, ਹਰਪ੍ਰੀਤ ਸਿੰਘ, ਸੰਦੀਪ ਕੌਰ ਆਦਿ ਹਾਜ਼ਰ ਸਨ।

## ਪੰਜਾਬ ਭਵਨ ਵਿਖੇ ਕੈਨੀਡੀਅਨ ਬੱਚਿਆਂ ਦਾ ਕਵਿਤਾ ਪਾਠ



ਕੈਨੇਡੀਅਨ ਜੰਮਪਲ ਬੱਚਿਆਂ ਨੂੰ ਪੰਜਾਬੀ ਸਾਹਿਤ ਨਾਲ ਜੋੜਣ ਲਈ ਕੀਤੇ ਜਾ ਰਹੇ ਯਤਨਾਂ ਤਹਿਤ ਪੰਜਾਬ ਭਵਨ ਸਰੀ ਵਿਖੇ ਹੋਣਹਾਰ ਪੰਜਾਬੀ ਬੱਚਿਆਂ ਦਾ ਕਵਿਤਾ ਪਾਠ ਕਰਵਾਇਆ ਗਿਆ। ਇਸ ਸਮਾਗਮ ਵਿਚ ਜੈਸਮੀਨ ਸੰਧੂ, ਮਮਨਜੋਤ ਕੌਰ, ਮੇਹਰ ਭਾਮਰਾ, ਸੁਖਮਨ ਕੌਰ ਕੰਬੋ, ਰੂਬੀਨਾ ਸੰਧੂ, ਸਾਹਿਬ ਸਿੰਘ ਕੰਬੋ, ਗੁਰਸਾਹਿਬ ਸਿੰਘ ਬਰਾੜ, ਆਰ. ਐਨ. ਸਿੰਘ ਕਾਂਡਾ, ਸ਼ੁੱਭਪ੍ਰੀਤ ਕੌਰ ਖੋਸਾ, ਹਰਲੀਨ ਕੌਰ ਬੁੱਟਰ, ਅਸ਼ਮੀਤ ਕੌਰ ਖੋਸਾ, ਮਨਤਾਜ ਕੌਰ ਖਹਿਰਾ, ਦਰਸ਼ਪ੍ਰੀਤ ਕੌਰ ਬਰਾੜ, ਸੁਤੰਤਰ ਸਿੰਘ ਖੋਸਾ, ਇਵਲੀਨ ਕੌਰ ਖਹਿਰਾ ਨੇ ਕਵਿਤਾਵਾਂ ਪੜ੍ਹੀਆਂ। ਕਵਿਤਾਵਾਂ ਦੀ ਪੇਸ਼ਕਾਰੀ ਸਮੇਂ ਬੱਚਿਆਂ ਵੱਲੋਂ ਦਿਖਾਇਆ ਗਿਆ ਸਵੈ-ਵਿਸ਼ਵਾਸ ਦਰਸਾ ਰਿਹਾ ਸੀ ਕਿ ਨਵੀਂ ਕੈਨੇਡੀਅਨ ਪੰਜਾਬੀ ਪੀੜ੍ਹੀ ਵਿਚ ਪੰਜਾਬੀ ਕਵਿਤਾ ਅਤੇ ਸਾਹਿਤ ਦਾ ਸੰਚਾਰ ਕਰਨ ਲਈ ਕੀਤੇ ਜਾ ਰਹੇ ਪੰਜਾਬ ਭਵਨ ਦੇ ਯਤਨਾਂ ਨੂੰ ਜ਼ਰੂਰ ਬੂਰ ਪਵੇਗਾ।

ਪੰਜਾਬ ਭਵਨ ਦੇ ਸੰਸਥਾਪਕ ਸੁੱਖੀ ਬਾਠ, ਪਲੀ ਦੇ ਮੀਤ ਪ੍ਰਧਾਨ ਡਾ. ਸਾਧੂ ਬਿਨਿੰਗ, ਨਾਵਲਕਾਰ ਜਰਨੈਲ ਸਿੰਘ ਸੇਖਾ, ਪ੍ਰਿੰ. ਸੁਰਿੰਦਰਪਾਲ ਕੌਰ ਬਰਾੜ, ਸ਼ਾਇਰ ਕਵਿੰਦਰ ਚਾਂਦ ਨੇ ਇਨ੍ਹਾਂ ਹੋਣਹਾਰ ਬੱਚਿਆਂ ਦੀ ਖ਼ੂਬਸੂਰਤ ਪੇਸ਼ਕਾਰੀ ਲਈ ਉਨ੍ਹਾਂ ਦੀ ਹੌਂਸਲਾ ਅਫ਼ਜ਼ਾਈ ਕੀਤੀ ਤੇ ਆਸ ਪ੍ਰਗਟ ਕੀਤੀ ਕਿ ਇਹ ਬੱਚੇ ਕੈਨੇਡਾ ਵਿਚ ਪੰਜਾਬੀ ਦੇ ਵਾਰਿਸ ਬਣਨਗੇ।

## ਪੰਜਾਬ ਭਵਨ ਵਿਖੇ ਰੁਪਿੰਦਰ ਸੋਜ਼ ਦਾ ਰੂਬਰੂ ਸਮਾਗਮ



ਪੰਜਾਬ ਭਵਨ ਸਰੀ ਕਨੇਡਾ ਵਿਖੇ ਆਸਟਰੇਲੀਅਨ ਪੰਜਾਬੀ ਲੇਖਕ ਰੁਪਿੰਦਰ ਸੋਜ਼ ਅਤੇ ਭਾਰਤੀ ਪੰਜਾਬੀ ਲੇਖਿਕਾ ਮਨਜੀਤ ਇੰਦਰਾ ਦਾ ਸਨਮਾਨ ਅਤੇ ਰੂਬ੍ਰੂ ਸਮਾਗਮ ਆਯੋਜਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇੰਦਰਜੀਤ ਧਾਮੀ, ਅਮਰੀਕ ਪਲਾਹੀ, ਮੋਹਨ ਗਿੱਲ, ਜਰਨੈਲ ਸੇਖਾ, ਸੁੱਖੀ ਬਾਠ, ਕ੍ਰਿਸ਼ਨ ਭਨੋਟ ਆਦਿ ਨਾਮਵਰ ਸਖਸ਼ੀਅਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਮਹਿਮਾਨ ਅਤੇ ਹਾਜ਼ਰੀਨ ਸਥਾਨਕ ਸ਼ਾਇਰਾਂ ਅਤੇ ਸ਼ਾਇਰਾਵਾਂ ਵੱਲੋਂ ਵੀ ਕਵਿਤਾ ਪਾਠ ਕੀਤਾ ਗਿਆ।

## ਗੁਰਮੀਤ ਕੌਰ ਸੰਧਾ ਦੀ ਪੁਸਤਕ 'ਚਾਨਣ ਦੇ ਹਸਤਾਖ਼ਰ' ਲੋਕ ਅਰਪਣ



ਪੰਜਾਬ ਭਵਨ ਵਿਖੇ ਗੁਰਮੀਤ ਕੌਰ ਸੰਧਾ ਦੀ ਪੁਸਤਕ 'ਚਾਨਣ ਦੇ ਹਸਤਾਖ਼ਰ' ਲੋਕ ਅਰਪਣ ਕਰਦੇ ਹੋਏ ਕ੍ਰਿਸ਼ਨ ਭਨੋਟ, ਇੰਦਰਜੀਤ ਸਿੰਘ ਧਾਮੀ, ਸੁੱਖ ਧਾਲੀਵਾਲ, ਮੈਡਮ ਬਿੰਦੂ ਮਠਾੜੂ, ਕਵਿੰਦਰ ਚਾਂਦ, ਡਾ. ਜੱਸ ਮਲਕੀਤ ਅਤੇ ਕੁਝ ਹੋਰ ਅਦੀਬ ਸਾਥੀ।

# ਵੈਨਕੂਵਰ ਵਿਚਾਰ ਮੰਚ ਵਲੋਂ ਕਵੀ ਦਰਬਾਰ



ਵੈਨਕੂਵਰ ਵਿਚਾਰ ਮੰਚ ਵੱਲੋਂ ਜਾਰਜ ਮੈਕੀ ਲਾਇਬਰੇਰੀ, ਡੈਲਟਾ ਦੇ ਸਹਿਯੋਗ ਨਾਲ ਸਲਾਨਾ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਸਰੀ, ਵੈਨਕੂਵਰ, ਕੋਕੁਇਟਲਮ, ਐਬਟਸਫੋਰਡ, ਕਲੋਵਰਡੇਲ ਦੇ ਉੱਘੇ ਕਵੀ ਅਤੇ ਕਵਿੱਤਰੀਆਂ ਨੇ ਆਪਣੀਆਂ ਕਾਵਿਕ ਰਚਨਾਵਾਂ ਨਾਲ ਖ਼ੂਬ ਰੰਗ ਬੰਨ੍ਹਿਆਂ। ਕਵੀ ਦਰਬਾਰ ਦੇ ਸੰਚਾਲਕ ਮੋਹਨ ਗਿੱਲ ਨੇ ਹਾਜ਼ਰ ਕਵੀਆਂ ਦਾ ਸਵਾਗਤ ਕੀਤਾ ਅਤੇ ਜਾਰਜ ਮੈਕੀ ਲਾਇਬਰੇਰੀ ਵਿਚ ਹੁੰਦੇ ਰੂਬਰੂ ਪ੍ਰੋਗਰਾਮ ਅਤੇ ਸਲਾਨਾ ਕਵੀ ਦਰਬਾਰ ਬਾਰੇ ਚਾਨਣਾ ਪਾਇਆ। ਪੰਜਾਬ ਦੀ ਤਾਜ਼ਾ ਫੇਰੀ ਤੋਂ ਆਏ ਭੁਪਿੰਦਰ ਮੱਲ੍ਹੀ ਨੇ ਪੰਜਾਬ ਬਾਰੇ ਆਪਣੇ ਅਨੁਭਵ ਸਾਂਝੇ ਕੀਤੇ।

ਕਵੀ ਦਰਬਾਰ ਦਾ ਆਗਾਜ਼ ਮੀਨੂੰ ਬਾਵਾ ਦੀ ਸੁਰੀਲੀ ਆਵਾਜ਼ ਨਾਲ ਹੋਇਆ, ਫਿਰ ਮਲਿੰਦਰ ਕੌਰ, ਕਵਿੰਦਰ ਚਾਂਦ, ਬਿੰਦੂ ਮਠਾੜੂ, ਹਰਚੰਦ ਸਿੰਘ ਗਿੱਲ, ਜਰਨੈਲ ਸਿੰਘ ਸੇਖਾ, ਮੋਹਨ ਗਿੱਲ, ਨਦੀਮ ਪਰਮਾਰ, ਹਰਦੇਵ ਸੋਢੀ ਅਸ਼ਕ, ਹਰਚੰਦ ਸਿੰਘ ਬਾਗੜੀ, ਇੰਦਰਜੀਤ ਧਾਮੀ, ਕ੍ਰਿਸ਼ਨ ਭਨੋਟ, ਅੰਗਰੇਜ਼ ਸਿੰਘ ਬਰਾੜ, ਮਨਜੀਤ ਇੰਦਰਾ, ਸੁਰਜੀਤ ਕਲਸੀ, ਹਰੀ ਸਿੰਘ ਤਾਤਲਾ, ਹਰਸ਼ਰਨ ਕੌਰ, ਅਜਮੇਰ ਰੋਡੇ, ਖੁਸ਼ਹਾਲ ਗਲੋਟੀ, ਪਰਮਜੀਤ ਸਿੰਘ ਸੇਖੋਂ, ਪਰਮਿੰਦਰ ਸਵੈਚ, ਰਾਜਵੰਤ ਰਾਜ, ਬਖਸ਼ਿੰਦਰ, ਕ੍ਰਿਸ਼ਨ ਬੈਕਟਰ, ਦਵਿੰਦਰ ਗੌਤਮ, ਪਰਮਵੀਰ ਸਿੰਘ ਅਤੇ ਹਰਦਮ ਸਿੰਘ ਮਾਨ ਨੇ ਸ਼ਾਇਰੀ ਦੇ ਵੱਖ ਵੱਖ ਰੰਗਾਂ ਨਾਲ ਦਿਲਕਸ਼ ਮਾਹੌਲ ਸਿਰਜਿਆ। ਪ੍ਰਸਿੱਧ ਆਰਟਿਸਟ ਜਰਨੈਲ ਸਿੰਘ ਨੇ ਸ਼ਾਮਲ ਕਵੀਆਂ ਦਾ ਧੰਨਵਾਦ ਕੀਤਾ ਅਤੇ ਸਭਨਾਂ ਨੂੰ ਨਵੇਂ ਸਾਲ ਦੀ ਸ਼ੁਭ ਕਾਮਨਾ ਦਿੱਤੀ।

## ਸਭਿਆਚਾਰ ਸੱਥ ਲੁਧਿਆਣਾ ਵੱਲੋਂ ਸੁੱਖੀ ਨਿੱਝਰ ਕੈਨੇਡਾ ਤੇ ਸੁਖਦਰਸ਼ਨ ਫਿਨਲੈਂਡ ਦਾ ਸਨਮਾਨ



## ਪੰਜਾਬ ਭਵਨ ਵਿੱਚ ਸਾਥੀ ਲੁਧਿਆਣਵੀ ਦੀ ਤਸਵੀਰ ਸਥਾਪਤ




## .ਗਜ਼ਲ ਮੰਚ ਸਰੀ ਵੱਲੋਂ ਸੁਖਦੇਵ ਸਾਹਿਲ ਨਾਲ ਸੁਰਮਈ ਸ਼ਾਮ



# ਹਰਜੀਤ ਦੌਧਰੀਆ 'ਪ੍ਰੀਤਮ ਸਿੰਘ ਬਾਸੀ ਯਾਦਗਾਰੀ ਐਵਾਰਡ' ਨਾਲ ਸਨਮਾਨਿਤ




ਪੰਜਾਬੀ ਕਲਚਰਲ ਫਾਊਂਡੇਸ਼ਨ ਵੱਲੋਂ ਪੰਜਾਬ ਭਵਨ ਵਿਚ ਕਰਵਾਏ ਇਕ ਸਮਾਗਮ ਵਿਚ ਕੈਨੇਡਾ ਦੇ ਵਸਨੀਕ ਅਤੇ ਪੰਜਾਬੀ ਦੇ ਪ੍ਰਸਿੱਧ ਕਵੀ ਹਰਜੀਤ ਦੌਧਰੀਆ ਨੂੰ "ਪ੍ਰੀਤਮ ਸਿੰਘ ਬਾਸੀ ਯਾਦਗਾਰੀ ਐਵਾਰਡ" ਨਾਲ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਡਾ. ਸਾਧੂ ਸਿੰਘ, ਡਾ. ਰਘਬੀਰ ਸਿੰਘ ਸਿਰਜਣਾ, ਮੰਗਾ ਬਾਸੀ ਅਤੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕੀਤੀ।

ਡਾ. ਸਾਧੂ ਸਿੰਘ ਨੇ ਸਮਾਗਮ ਵਿਚ ਬੋਲਦਿਆਂ ਮਰਹੂਮ ਪ੍ਰੀਤਮ ਸਿੰਘ ਬਾਸੀ ਨਾਲ ਸੰਬੰਧਤ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਬੇਸ਼ਕ ਉਹ ਅਨਪੜ੍ਹ ਸਨ ਪਰ ਬਹੁਤ ਹੀ ਸੂਝਵਾਨ ਅਤੇ ਮਿਲਾਪੜੇ ਇਨਸਾਨ ਸਨ, ਬਹੁਤ ਹੀ ਮਜ਼ਾਹੀਆ ਸੁਭਾਅ ਵਾਲੇ ਪ੍ਰੀਤਮ ਸਿੰਘ ਬਾਸੀ ਜ਼ਿੰਦਗੀ ਨੂੰ ਅਥਾਹ ਪਿਆਰ ਕਰਦੇ ਸਨ। ਡਾ. ਰਘਬੀਰ ਸਿੰਘ ਸਿਰਜਣਾ ਨੇ ਵੀ ਪ੍ਰੀਤਮ ਸਿੰਘ ਬਾਸੀ ਦੇ ਜੀਵਨ ਨਾਲ ਸੰਬੰਧਤ ਜਾਣਕਾਰੀ ਦਿੱਤੀ। ਜਰਨੈਲ ਸਿੰਘ ਸੇਖਾ ਨੇ ਉਨ੍ਹਾਂ ਦੇ ਸਪੁੱਤਰ ਮੰਗਾ ਬਾਸੀ ਵੱਲੋਂ ਉਨ੍ਹਾਂ ਦੀ ਯਾਦ ਵਿਚ ਸ਼ੁਰੂ ਕੀਤੇ ਸਾਹਿਤਕ ਐਵਾਰਡ ਦੀ ਪ੍ਰਸੰਸਾ ਕੀਤੀ ਅਤੇ ਦੱਸਿਆ ਕਿ ਇਹ ਅੰਤਰ-ਰਾਸ਼ਟਰੀ ਐਵਾਰਡ ਹੈ ਅਤੇ ਇਸ ਤੋਂ ਪਹਿਲਾਂ ਵੱਖ ਵੱਖ ਖੇਤਰਾਂ ਦੀਆਂ ਸ਼ਖ਼ਸੀਅਤਾਂ ਨੂੰ ਇਹ ਐਵਾਰਡ ਪ੍ਰਦਾਨ ਕੀਤਾ ਜਾ ਚੁੱਕਿਆ ਹੈ। ਪੰਜਾਬ ਭਵਨ ਦੇ ਸੰਸਥਾਪਕ ਸੁੱਖੀ ਬਾਠ ਨੇ ਮਰਹੂਮ ਬਾਸੀ ਨੂੰ ਬਹੁਤ ਹੀ ਦਿਲਦਾਰ ਵਿਅਕਤੀ ਦੱਸਿਆ। ਸਨਮਾਨਿਤ ਸ਼ਾਇਰ ਹਰਜੀਤ ਦੌਧਰੀਆ ਬਾਰੇ ਬੋਲਦਿਆਂ ਅਮਰਜੀਤ ਚਾਹਲ ਨੇ ਕਿਹਾ ਕਿ ਦੌਧਰੀਆ ਸਾਹਿਤ ਅਤੇ ਰਾਜਨੀਤੀ ਨਾਲ ਪੂਰਨ ਤੌਰ ਤੇ ਪ੍ਰਤੀਬੱਧ ਇਨਸਾਨ ਹੈ। ਅਡੋਲਤਾ, ਸਪੱਸ਼ਟਤਾ ਅਤੇ ਬੇਬਾਕੀ ਉਸ ਦੇ ਵਿਸ਼ੇਸ਼ ਗੁਣ ਹਨ।

## ਇੰਡੋ ਕੈਨੇਡੀਅਨ ਸੈਂਟਰ ਵਿੱਚ ਕਾਵਿ-ਮਹਿਫ਼ਿਲ



ਕੈਨੇਡੀਅਨ ਸੀਨੀਅਰ ਸੈਂਟਰ ਸਰੀ ਡੈਲਟਾ ਵਿਖੇ ਹਰਪਾਲ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਇਕ ਕਾਵਿ-ਮਹਿਫ਼ਿਲ ਆਯੋਜਿਤ ਕੀਤੀ ਗਈ। ਇਸ ਵਿਚ ਦਵਿੰਦਰ ਕੌਰ ਜੋਹਲ, ਦਰਸ਼ਨ ਸਿੰਘ ਅਟਵਾਲ, ਅਮਰੀਕ ਸਿੰਘ ਲੇਹਲ, ਮਨਜੀਤ ਸਿੰਘ ਮੱਲ੍ਹਾ, ਅਵਤਾਰ ਸਿੰਘ ਬਰਾੜ, ਗੁਰਬਚਨ ਸਿੰਘ ਬਰਾੜ, ਮਾਸਟਰ ਮਲਕੀਤ ਸਿੰਘ ਗਿੱਲ, ਪ੍ਰਿੰਸੀਪਲ ਹਰਨੇਕ ਸਿੰਘ ਸੋਹੀ, ਪ੍ਰਿੰਸੀਪਲ ਮੇਜਰ ਸਿੰਘ ਜੱਸੀ, ਹਰਚੰਦ ਸਿੰਘ ਗਿੱਲ, ਤਜਿੰਦਰ ਕੌਰ ਬੈਂਸ, ਹਰਦੀਪ ਸਿੰਘ ਸੰਧੂ, ਰਵਿੰਦਰ ਕੌਰ ਬੈਂਸ, ਗੁਰਮੀਤ ਸਿੰਘ ਸਿੱਧੂ, ਬੀਬੀ ਜਸਵੰਤ ਕੌਰ ਲੋਹਟ, ਚਮਕੌਰ ਸਿੰਘ ਔਲਖ, ਬਿੱਕਰ ਸਿੰਘ ਬਾਸੀ, ਪ੍ਰਿੰਸੀਪਲ ਮਲੂਕ ਚੰਦ ਕਲੇਰ ਆਦਿ ਕਵੀਆਂ ਨੇ ਖ਼ੂਬ ਰੰਗ ਬੰਨ੍ਹਿਆ।

## ਡੈਲਟਾ ਵਿਖੇ ਡਾ. ਰਿਸ਼ੀ ਤੇ ਡਾ. ਚਿਲਾਣਾ ਨਾਲ ਇਕ ਸ਼ਾਮ




# ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ

# ਲੁਧਿਆਣਾ


## ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ

## ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪ੍ਰਕਾਸ਼ਿਤ ਪੁਸਤਕਾਂ



















# 2020 ਮੁਬਾਰਕ

ਪਰਵਾਸੀ ਸਾਹਿਤ ਅਧਿਅਨ ਕੇਂਦਰ

ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ